## ਸੱਚ ਸਥਾਪਤ ਕਰਨਾ

*ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀ ਗਣਨਾ ਲਈ ਪ੍ਰਸਤਾਵ*

"ਉਹ ਵਿਅਕਤੀ ਜੋ ਇਤਿਹਾਸ ਨੂੰ ਅਣਗੌਲਿਆਂ ਕਰਦੇ ਹਨ, ਉਸੇ ਨੂੰ ਦੁਹਰਾਉਣ ਦੀ ਸਜ਼ਾ ਭੋਗਦੇ ਹਨ।" ਇਹ ਕਥਨ ਅੱਜ ਵੀ ਉਨਾ ਹੀ ਸੱਚਾ ਹੈ ਜਿੰਨਾ ਕਿ ਸੈਂਕੜੇ ਵਰ੍ਹੇ ਪਹਿਲਾਂ ਸੀ। ਅਤੇ ਫਿਰ ਵੀ ਉਹ ਲੋਕ ਜੋ ਕਤਲੋਗਾਰਤ ਅਤੇ ਉਪਰੋ-ਥੱਲੀ ਦੇ ਅਰਸਿਆਂ ਵਿਚੋਂ ਲੰਘਦੇ ਹਨ, ਉਨ੍ਹਾਂ ਦੀ ਇਹੋ ਸਭ ਤੋਂ ਵੱਧ ਕਾਮਨਾ ਹੁੰਦੀ ਹੈ ਕਿ ਉਨ੍ਹਾਂ ਨੂੰ ਉਸ ਸਭ ਕੁੱਛ ਜੋ ਵਾਪਰਿਆ ਹੈ ਦੀ ਯਾਦ ਨੂੰ ਮਿਟਾ ਸਕਣ ਦੀ ਤਾਕਤ ਹੋਵੇ। ਉਨ੍ਹਾਂ 'ਚੋਂ ਕੁਝ ਜੋ ਭੁੱਲ ਜਾਣ ਵਿਚ ਖ਼ੁਸ਼ ਹੋਣਗੇ, ਉਹ ਹੁੰਦੇ ਹਨ ਜਿਨ੍ਹਾਂ ਨੇ ਆਪਣੇ ਪਿਆਰਿਆਂ ਨੂੰ ਗੁਆ ਲਿਆ ਹੋਵੇ ਜਾਂ ਜੋ ਗੁਰਬਤ ਜਾਂ ਅਤਿ ਮੁਥਾਜੀ ਦਾ ਜੀਵਨ ਬਸਰ ਕਰਨ ਲਈ ਬਚ ਰਹਿੰਦੇ ਹਨ। ਹੋਰ ਜੋ "ਪਿਛਲਾ ਸਭ ਸਾਫ਼ ਕਰ ਦੇਣ" ਸਬੰਧੀ ਗੱਲ ਕਰਦੇ ਹਨ ਉਹ ਦੋਸ਼ੀ ਵਿਅਕਤੀ ਹੁੰਦੇ ਹਨ ਜਿਨ੍ਹਾਂ ਨੇ ਗੰਭੀਰ ਅਪਰਾਧ ਛੁਪਾਉਣੇ ਹੁੰਦੇ ਹਨ। ਭੁੱਲ ਜਾਣਾ ਵਿਅੱਕਤੀਗਤ ਤੌਰ ਤੇ ਤਾਂ ਸਹੀ ਜਾਪੇ - ਦੋਹਾਂ ਉਨ੍ਹਾਂ ਨੂੰ ਜਿਨ੍ਹਾਂ ਨੇ ਜਫ਼ਰ ਝੱਲੇ ਅਤੇ ਉਨ੍ਹਾਂ ਨੂੰ ਵੀ ਜਿਨ੍ਹਾਂ ਨੇ ਕਹਿਰ ਵਰਤਾਏ - ਪਰ ਇਹ ਆਉਣ ਵਾਲੀਆਂ ਪੀੜ੍ਹੀਆਂ ਲਈ ਸਹੀ ਨਹੀਂ ਹੁੰਦਾ।

ਮਿਟਾ ਦਿੱਤੇ ਗਏ ਇਤਿਹਾਸ ਨਾਲੋਂ ਵੀ ਵੱਧ ਖ਼ਤਰਨਾਕ ਹੁੰਦਾ ਹੈ ਝੂਠਾ ਇਤਿਹਾਸ। ਭਾਰਤ ਦੇ ਮੌਜੂਦਾ ਹਾਲਾਤ ਦਾ ਇਕ ਕਾਰਣ ਇਹ ਹੈ ਕਿ ਆਮ ਆਦਮੀ ਅਜਿਹੇ "ਇਤਿਹਾਸਾਂ" ਨੂੰ ਅਟੱਲ ਸੱਚਾਈ ਵਾਂਗੂੰ ਲੈਂਦਾ ਹੈ ਜੋ ਕਦੀ ਵਾਪਰੇ ਨਹੀਂ - ਜਾਂ ਜੋ ਉਨ੍ਹਾਂ ਮਿਥਿਹਾਸਕ ਵਰਣਨਾਂ ਨਾਲੋਂ ਬਹੁਤ ਵਖਰੇ ਤਰੀਕੇ ਨਾਲ ਵਾਪਰੇ ਦਹਾਕਿਆਂ, ਸਦੀਆਂ, ਹਜ਼ਾਰਾਂ ਸਾਲਾਂ ਤੋਂ ਬੜੇ ਉਚੇਚ ਨਾਲ ਪ੍ਰਸਾਰਿਤ ਕੀਤੇ ਜਾਂਦੇ ਰਹੇ ਹਨ। ਝੂਠੇ ਇਤਿਹਾਸਾਂ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਨ੍ਹਾਂ ਗ਼ਲਤੀਆਂ ਨੂੰ ਦੁਹਰਾਉਣ ਤੋਂ ਆਜ਼ਾਦ ਨਹੀਂ ਕਰਵਾਇਆ ਜਾ ਸਕਦਾ ਜੋ ਉਨ੍ਹਾਂ ਦੇ ਵੱਡੇ-ਵਡੇਰਿਆਂ ਨੇ ਕੀਤੀਆਂ ... ਸਿਰਫ਼ ਸੱਚ ਹੀ ਆਜ਼ਾਦ ਕਰਵਾਉਂਦਾ ਹੈ।

ਉਹ ਵਿਅਕਤੀ ਜੋ ਇਨ੍ਹਾਂ ਖ਼ੌਫ਼ਨਾਕ ਵਰ੍ਹਿਆਂ 'ਚੋਂ ਲੰਘੇ ਹਨ, ਦਾ ਕਰਤੱਵ ਹੈ ਕਿ ਉਹ ਤੱਥਾਂ ਨੂੰ ਇਕੱਤਰ ਕਰਨ, ਉਨ੍ਹਾਂ ਨੂੰ ਸੰਭਾਲਣ ਅਤੇ ਇਕ ਸੰਪੂਰਣ ਅਤੇ ਸੱਚਾ ਵਿਵਰਣ ਪ੍ਰਸਤੁਤ ਕਰਨ। ਪੰਜਾਬ ਦੇ ਅਤੇ ਸਿੱਖ

ਪੰਥ ਦੇ ਇਤਿਹਾਸ ਵਿਚ ਇਹ ਇਕ ਮਹੱਤਵਪੂਰਣ ਅਰਸਾ ਹੈ, ਜੋ ਗੁਰੂ ਸਾਹਿਬਾਨ ਜਾਂ ਮਿਸਲਾਂ ਜਾਂ ਗੁਰਦੁਆਰਾ ਸੁਧਾਰ ਅੰਦੋਲਨ ਦੇ ਸਮੇਂ ਨਾਲੋਂ ਘੱਟ ਨਹੀਂ ਹੈ। ਇਸ ਨੂੰ ਯਾਦਾਂ ਦੀ ਭੁੱਲ-ਭਲਈਆਂ ਵਿਚ ਗੁੰਮ ਨਹੀਂ ਹੋਣ ਦਿੱਤੇ ਜਾਣ ਦੇਣਾ ਚਾਹੀਦਾ।

ਇਸ ਸੱਚਾਈ ਤਕ ਪਹੁੰਚਣ ਲਈ ਕਿ ਪੰਜਾਬ ਵਿਚ ਕੀ ਹੋਇਆ ਦੋ ਪੂਰਕ ਯਤਨ ਕੀਤੇ ਜਾ ਰਹੇ ਹਨ: ਇਕ ਹੈ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀ ਗਣਨਾ, ਅਤੇ ਦੂਜਾ ਹੈ ਪੀਪਲਜ਼ ਕਮਿਸ਼ਨ ਆਨ ਹਿਊਮਨ ਰਾਈਟਸ ਵਾਇਲੇਸ਼ਨਜ਼।

ਉਸ ਭਿਆਨਕ ਦਹਾਕੇ ਦੌਰਾਨ, ਜੋ ਓਪਰੇਸ਼ਨ ਬਲਿਊਸਟਾਰ ਤੋਂ ਬਾਅਦ ਗੁਜ਼ਰਿਆ, ਇਨ੍ਹਾਂ ਮਨੁੱਖੀ ਅਧਿਕਾਰ ਗੁੱਟਾਂ ਨੇ ਵਾਪਰੀਆਂ ਘਟਨਾਵਾਂ ਦੇ ਬੜੀ ਧੀਰਜ ਨਾਲ ਸਬੂਤ ਇਕੱਠੇ ਕੀਤੇ ਅਤੇ ਜਿਥੇ ਸੰਭਵ ਹੋਇਆ ਲੋਕਾਂ ਦੇ ਹੱਕ ਵਿਚ ਦਖਲ-ਅੰਦਾਜ਼ੀ ਕੀਤੀ ਅਤੇ ਉਹ ਅਦਾਲਤਾਂ ਅਗੇ ਨਿਰਵਿਘਨ ਦੁਹਾਈ ਵੀ ਪਾਉਂਦੇ ਰਹੇ, ਅਤੇ ਨਿਆਂਪਾਲਕਾ ਨੂੰ ਆਪਣੇ ਹੱਕਾਂ ਦਾ ਇਸਤਮਾਲ ਕਰਨ ਲਈ ਹੌਂਸਲਾ-ਅਫ਼ਜ਼ਾਈ ਕਰਦੇ ਰਹੇ। ਦਸਤਾਵੇਜ਼ ਕੀਤੇ ਗਏ ਕੇਸ ਬਹੁਤ ਜ਼ਿਆਦਾ ਵਧ ਗਏ ਅਤੇ ਮਨੁੱਖੀ ਅਧਿਕਾਰਾਂ ਦੀ ਕੁਵਰਤੋਂ ਵਿਸ਼ੇਸ਼ ਕਰਕੇ ਲਾਪਤਾ ਵਿਅਕਤੀਆਂ ਅਤੇ ਮੌਤਾਂ ਦੀ ਗਿਣਤੀ ਤੇਜ਼ੀ ਨਾਲ ਵੱਧਣ ਲਗ ਪਈ।

1991 ਵਿਚ ਮੂਵਮੈਂਟ ਅਗੇਂਸਟ ਸਟੇਟ ਰਿਪਰੈੱਸ਼ਨ (ਐਮ ਏ ਐਸ ਆਰ) ਨੇ 1984 ਤੋਂ ਸ਼ੁਰੂ ਕਰਕੇ ਸਾਲਾਨਾ ਆਧਾਰ ਤੇ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਗਣਨਾ ਕਰਨ ਲਈ ਇਕ ਫਾਰਮੈਟ ਤਿਆਰ ਕੀਤਾ। ਇਸ ਸਕੀਮ ਨੂੰ ਕਈ ਹੋਰਨਾਂ ਮਨੁੱਖੀ ਅਧਿਕਾਰ ਗੁੱਟਾਂ ਨਾਲ ਵਿਚਾਰਿਆ ਗਿਆ ਅਤੇ ਉਨ੍ਹਾਂ ਦੇ ਸੁਝਾਅ ਇਸ ਵਿਚ ਸ਼ਾਮਲ ਕੀਤੇ ਗਏ। 1992 ਵਿਚ ਪੰਜਾਬ ਸਿਵਲ ਸੇਵਾਵਾਂ ਨੇ ਪੁਲਿਸ ਦੀਆਂ ਵਧੀਕੀਆਂ ਅਤੇ ਜ਼ੁਲਮ ਵਿਰੁੱਧ ਰੋਸ ਵਜੋਂ ਹੜਤਾਲ ਕੀਤੀ। ਉਦੋਂ, ਪੀ. ਸੀ. ਐਸ. ਐਸੋਸੀਏਸ਼ਨ ਨੇ ਮੁਜਰਮਾਨਾ ਦੁਰ-ਵਿਵਹਾਰ ਦੀਆਂ ਘਟਨਾਵਾਂ ਦੀ ਜਾਂਚ ਕਰਨ ਲਈ ਇਕ ਨਿਆਂਇਕ ਕਮਿਸ਼ਨ ਸਥਾਪਤ ਕੀਤੇ ਜਾਣ ਦੀ ਮੰਗ ਕਰਦਿਆਂ ਪੰਜਾਬ ਦੇ ਰਾਜਪਾਲ ਨੂੰ ਇਕ ਯਾਦ-ਪੱਤਰ ਪੇਸ਼ ਕੀਤਾ। 1992 ਵਿਚ ਹੀ - ਫਰਵਰੀ ਵਿਚ - ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਨਵੰਬਰ, 1984 ਦੇ ਕੁਲਨਾਸ਼ ਦੀ ਤਾਜ਼ਾ ਪੁੱਛ-ਗਿੱਛ ਕਰਨ ਅਤੇ ਦੋਸ਼ੀਆਂ ਨੂੰ ਸਜ਼ਾ ਦਿੱਤੇ ਜਾਣ ਦੀ ਮੰਗ ਕੀਤੀ।

ਮੂਵਮੈਂਟ ਅਗੇਂਸਟ ਸਟੇਟ ਰਿਪਰੈੱਸ਼ਨ (ਐਮ ਏ ਐਸ ਆਰ) ਨੇ ਵਿਚਾਰਿਆ ਕਿ ਹੁਣ ਸਹੀ ਸਮਾਂ ਹੈ ਕਿ ਝੂਠੇ ਮੁਕਾਬਲਿਆਂ, ਤਸ਼ੱਦਦ, ਹਿਰਾਸਤੀ ਮੌਤਾਂ ਅਤੇ ਲਾਪਤਾ ਵਿਅਕਤੀਆਂ ਸਬੰਧੀ ਗਣਨਾ ਕਰਨ ਲਈ ਇਕ ਵਿਆਪਕ ਸਕੀਮ ਤਿਆਰ ਕੀਤੀ ਜਾਵੇ ਜਿਸ ਅਧੀਨ ਸਾਰਾ ਰਾਜ ਆਵੇਗਾ। ਪਿੰਡ ਪੱਧਰ ਤੇ ਬਹੁਤ ਸਾਰੇ ਜਾਂਚਕਰਤਾਵਾਂ ਨੂੰ ਲਾਮਬੰਦ ਕਰਨ ਦੇ

ਯੋਗ ਕੁੱਝ ਇਕ ਹੀ ਗੈਰ-ਸਰਕਾਰੀ ਸੰਸਥਾਵਾਂ ਹਨ; ਸਭ ਤੋਂ ਜ਼ਿਆਦਾ ਢੁੱਕਵੀਆਂ ਸਨ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਭਾਰਤੀ ਕਿਸਾਨ ਯੂਨੀਅਨ, ਅਤੇ ਜਨਗਣਨਾ ਦੀ ਤਜਵੀਜ਼ ਇਨ੍ਹਾਂ ਸੰਸਥਾਵਾਂ ਸਾਹਮਣੇ ਰੱਖੀ ਗਈ।

1993 ਵਿਚ, ਪੰਜਾਬ ਦੇ ਤਿੰਨ ਸਾਬਕਾ ਐਡਵੋਕੇਟ ਜਨਰਲਾਂ ਸਮੇਤ ਤਿੰਨ ਮਨੁੱਖੀ ਅਧਿਕਾਰ ਗੁਟਾਂ - ਮੂਵਮੈਂਟ ਅਗੇਂਸਟ ਸਟੇਟ ਰਿਪਰੈੱਸ਼ਨ (ਐਮ ਏ ਐਸ ਆਰ), ਪੰਜਾਬ ਮਨੁੱਖੀ ਅਧਿਕਾਰ ਸੰਸਥਾ (ਪੀ ਐਚ ਆਰ ਓ) ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀ ਯੂ ਸੀ ਐਲ) ਨੇ ਅਜਿਹੀ ਜਨ-ਗਣਨਾ ਕਰਨ ਲਈ ਸੰਯੁਕਤ ਰਾਸ਼ਟਰ ਸੰਘ ( ਯੂਨਾਈਟਿਡ ਨੇਸ਼ਨਜ਼) ਨੂੰ ਬੇਨਤੀ ਕੀਤੀ। ਸੰਯੁਕਤ ਰਾਸ਼ਟਰ ਸੰਘ ਦਾ ਜਵਾਬ ਹਮਦਰਦੀ ਵਾਲਾ ਸੀ ਪ੍ਰੰਤੂ ਇਸ ਰਸਤੇ ਵਿਚ ਕਈ ਰਸਮਾਂ ਨੇ ਅੜਿੱਕਾ ਡਾਹ ਦਿੱਤਾ।

1995 ਤੱਕ, ਸਥਿਤੀ ਕਿਸੇ ਹੱਦ ਤੱਕ ਸੁਧਰ ਗਈ ਸੀ। ਸੰਯੁਕਤ ਰਾਸ਼ਟਰ ਸੰਘ ਮਨੁੱਖੀ ਅਧਿਕਾਰ ਕਮਿਸ਼ਨ ਦੇ ਸੱਦੇ ਤੇ ਐਮ ਏ ਐਸ ਆਰ ਨੇ ਸਾਲਾਂ 1984 ਤੋਂ 1994 ਤੱਕ ਲਈ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਤੇ ਰਿਪੋਰਟ ਪੇਸ਼ ਕੀਤੀ। ਰਿਪੋਰਟ ਦੇ ਨਾਲ ਜਨ-ਗਣਨਾ ਦੀ ਤਜਵੀਜ਼ ਵੀ ਪੇਸ਼ ਕੀਤੀ ਗਈ। ਪ੍ਰੰਤੂ 1997 ਤੱਕ ਜਦੋਂ ਵੋਟਰਾਂ ਦੀ ਵਾਜਬ ਗਿਣਤੀ ਨਾਲ ਨਿਰਪੱਖ ਚੋਣ ਵਿਚ ਸਰਕਾਰ ਚੁਣੀ ਗਈ ਸੀ, ਇਹ ਸੰਸਥਾਵਾਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਤੇ ਸਿਲਸਿਲੇਵਾਰ ਧਿਆਨ ਕੇਂਦ੍ਰਿਤ ਕੀਤੇ ਜਾਣ ਦੀ ਉਮੀਦ ਨਹੀਂ ਕਰ ਸਕਦੀਆਂ ਸਨ।

ਅਕਾਲੀ ਪਾਰਟੀ ਦੁਆਰਾ 1997 ਵਿਚ ਸਰਕਾਰ ਬਣਾਉਣ ਤੋਂ ਪਹਿਲਾਂ ਇਸ ਨੇ ਨਵੰਬਰ, 1984 ਵਿਚ ਦਿੱਲੀ ਅਤੇ ਹੋਰਨਾਂ ਥਾਂਵਾਂ ਤੇ ਸਿੱਖਾਂ ਦੇ ਕੁਲਨਾਸ਼ ਦੀ ਜਾਂਚ-ਪੜਤਾਲ ਕਰਨ ਤੇ ਜ਼ੋਰ ਦਿੱਤਾ ਸੀ। ਅਕਾਲੀ ਚੋਣ ਮਨੋਰਥ-ਪੱਤਰ (ਮੈਨੀਫੈਸਟੋ) ਵਿਚ ਇਹ ਐਲਾਨ ਕੀਤਾ ਗਿਆ ਕਿ ਜੇਕਰ ਅਸੀਂ ਸੱਤਾ ਵਿਚ ਆਏ ਤਾਂ ਸਾਡੀ ਸਰਕਾਰ 1984 ਤੋਂ 1997 ਤੱਕ ਦੇ ਸਮੇਂ ਦੌਰਾਨ ਪੰਜਾਬ ਵਿਚ ਹੋਈਆਂ ਵਧੀਕੀਆਂ ਦੀ ਜਾਂਚ ਕਰਨ ਲਈ ਇਕ ਕਮਿਸ਼ਨ ਗਠਿਤ ਕਰੇਗੀ; ਪਿਛਲੇ 15 ਸਾਲਾਂ ਦੌਰਾਨ ਹਿੰਸਕ ਮੌਤਾਂ ਅਤੇ ਲਾਪਤਾ ਵਿਅਕਤੀਆਂ ਦੀ ਸਰਕਾਰੀ ਤੌਰ ਤੇ ਮੁਕੰਮਲ ਜਾਂਚ-ਪੜਤਾਲ ਕਰਨ ਦਾ ਵਾਅਦਾ ਵੀ ਕੀਤਾ ਗਿਆ। ਮੋਟੇ ਤੌਰ ਤੇ ਇਹ ਇਸੇ ਵਾਅਦੇ ਦੀ ਵਜ੍ਹਾ ਕਰਕੇ ਸੀ ਕਿ ਅਕਾਲੀਆਂ ਨੂੰ ਵੱਡੇ ਪੱਧਰ ਤੇ ਵੋਟਾਂ ਪਾਈਆਂ ਗਈਆਂ ਅਤੇ ਉਹ ਸੱਤਾ ਵਿਚ ਆ ਗਏ। ਹਾਲਾਂ ਕਿ ਅਕਾਲੀ ਸਰਕਾਰ ਨੇ ਪੰਜਾਬ ਬਾਰੇ ਗੱਲ-ਬਾਤ ਜਾਰੀ ਰੱਖੀ, ਪਰੰਤੂ ਆਪਣੀ ਸਹਿਯੋਗੀ ਪਾਰਟੀ ਬੀ ਜੇ ਪੀ ਵਲੋਂ ਦਬਾਓ ਅਧੀਨ ਉਹ ਜਾਂਚ ਕਮਿਸ਼ਨ ਕਾਇਮ ਕਰਨ ਲਈ ਆਪਣੇ ਵਾਅਦੇ ਤੇ ਨਾ ਰਹੇ। ਹੋਰਨਾਂ ਨੇ ਮਹਿਸੂਸ ਕੀਤਾ ਕਿ ਅਕਾਲੀ ਕਿਸੇ ਜਾਂਚ ਨੂੰ ਇਸ ਕਰਕੇ ਨਹੀਂ ਕਰਾਉਣਾ ਚਾਹੁੰਦੇ ਕਿਉਂਕਿ ਉਨ੍ਹਾਂ ਨੂੰ ਆਪਣਾ ਭੈਅ ਮਾਰਦਾ ਹੈ।

ਅਕਤੂਬਰ 25, 1998 ਨੂੰ ਇਕ ਸੌ ਪ੍ਰਸਿੱਧ ਵਿਦਵਾਨਾਂ ਅਤੇ ਸਿੱਖ ਸੰਸਥਾਵਾਂ ਦੇ ਪ੍ਰਤਿਨਿਧੀਆਂ ਨੇ ਮੁੱਖ ਮੰਤਰੀ ਬਾਦਲ ਨੂੰ ਲਿਖਿਆ:

"1997 ਦੀਆਂ ਚੋਣਾਂ ਤੋਂ ਪਹਿਲਾਂ ਦੇ ਸਾਲਾਂ ਵਿਚ ਵਾਰ-ਵਾਰ ਦਿੱਤੇ ਗਏ ਆਸ਼ਵਾਸਨਾਂ ਅਤੇ ਅਕਾਲੀ ਪਾਰਟੀ ਦੇ ਚੋਣ ਮਨੋਰਥ-ਪੱਤਰ ਨੂੰ ਯਾਦ ਕਰਦਿਆਂ ਅਸੀਂ ਜਾਣਦੇ ਹਾਂ ਕਿ ਓਪਰੇਸ਼ਨ ਬਲਿਊਸਟਾਰ ਦੌਰਾਨ ਅਤੇ ਉਸ ਤੋਂ 15 ਸਾਲ ਬਾਦ ਪੰਜਾਬ ਵਿਚ ਹੋਈਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀ ਜਾਂਚ ਦੀ ਲੋੜ ਬਾਰੇ ਆਪ ਨੂੰ ਪਤਾ ਹੀ ਹੈ। ਬੇਸ਼ੱਕ, ਆਪ ਦੀ ਸਹਿਯੋਗੀ ਭਾਰਤੀ ਜਨਤਾ ਪਾਰਟੀ ਵੀ ਅਜਿਹੀ ਜਾਂਚ ਦੇ ਹੱਕ ਵਿਚ ਹੈ ਅਤੇ ਤੁਹਾਡੇ ਰਾਜਨੀਤਕ ਵਿਰੋਧੀ ਕਮਿਊਨਿਸਟ ਪਾਰਟੀਆਂ, ਬਹੁਜਨ ਸਮਾਜ ਪਾਰਟੀ, ਅਕਾਲੀ ਦਲ-ਅੰਮ੍ਰਿਤਸਰ ਅਤੇ ਕਈ ਹੋਰ ਛੋਟੀਆਂ ਪਾਰਟੀਆਂ ਨੇ ਵੀ ਰਾਜ ਦੇ ਇਤਿਹਾਸ ਵਿਚ ਇਸ ਖ਼ੌਫ਼ਨਾਕ ਸਮੇਂ ਦੀ ਸਰਕਾਰੀ ਤੌਰ ਤੇ ਜਾਂਚ ਕਰਾਉਣ ਤੇ ਜ਼ੋਰ ਪਾਇਆ ਹੈ।

"ਐਸ ਜੀ ਪੀ ਸੀ ਅਤੇ ਤੁਹਾਡੀ ਪਾਰਟੀ ਨੇ ਵਾਰ-ਵਾਰ ਇਹ ਮੰਗ ਕੀਤੀ ਕਿ ਕੇਂਦਰ ਸਰਕਾਰ ਦਿੱਲੀ ਅਤੇ ਹੋਰ ਸੂਬਿਆਂ ਵਿਚ ਨਵੰਬਰ, 1984 ਦੇ ਕੁਲ-ਨਾਸ਼ ਦੀ ਜਾਂਚ ਕਰੇ। ਅਕਤੂਬਰ 24, ਨੂੰ ਐਸ ਜੀ ਪੀ ਸੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਫਿਰ ਮੰਗ ਕੀਤੀ ਕਿ ਬੀ ਜੇ ਪੀ ਸਰਕਾਰ 1984 ਦੇ ਕੁਲਨਾਸ਼ ਦੀ ਜਾਂਚ ਕਰੇ। ਅਸੀਂ ਬੀ ਜੇ ਪੀ ਸਰਕਾਰ ਪਾਸੋਂ ਇਸ ਮੰਗ ਨੂੰ ਗੰਭੀਰਤਾ ਨਾਲ ਲੈਣ ਦੀ ਆਸ ਨਹੀਂ ਕਰ ਸਕਦੇ ਜੇਕਰ ਪੰਜਾਬ ਰਾਜ ਨੇ ਆਪਣੇ ਰਾਜ ਦੇ ਅੰਦਰ ਹੋਏ ਓਪਰੇਸ਼ਨ ਬਲਿਊਸਟਾਰ ਅਤੇ ਸਾਲਾਂ ਬੱਧੀ ਹੋਈਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀ ਜਾਂਚ ਕਰਨ ਲਈ ਤੁਹਾਡੀ ਸਰਕਾਰ ਬਣ ਜਾਣ ਤੇ ਵੀ ਕੁਝ ਨਹੀਂ ਕੀਤਾ ਗਿਆ ਹੈ।

"ਅਜਿਹੀ ਜਾਂਚ ਕਰਨ ਤੋਂ ਨਾਂਹ ਕਰਨਾ ਜਾਂ ਦੇਰੀ ਕਰਨ ਨਾਲ ਤੁਹਾਡੀ ਸਰਕਾਰ ਅਤੇ ਅਕਾਲੀ ਪਾਰਟੀ ਦੇ ਕੁਝ ਮੈਂਬਰਾਂ ਵਿਰੁੱਧ ਵੀ ਇਲਜ਼ਾਮ ਲਗਾਏ ਜਾ ਸਕਦੇ ਹਨ; ਇਹ ਵੀ ਮਤਲਬ ਕੱਢਿਆ ਜਾ ਸਕਦਾ ਹੈ ਕਿ ਉਹ ਕੁੱਝ ਛੁਪਾਉਣਾ ਚਾਹੁੰਦੇ ਹਨ ਅਤੇ ਇਸੇ ਕਰਕੇ ਉਹ ਸੱਚਾਈ ਦਾ ਪਤਾ ਲਗਾਉਣ ਵਿਚ ਰੁਚੀ ਨਹੀਂ ਰੱਖਦੇ। ਜਦੋਂ ਕਾਂਗਰਸ ਪਾਰਟੀ ਦਾ ਪੰਜਾਬ ਵਿਚ ਰਾਜ ਸੀ ਤਾਂ ਉਸ ਵੇਲੇ ਦੇ ਮੁੱਖ ਮੰਤਰੀਆਂ ਨੂੰ ਵੀ ਗਣਨਾ ਕਰਵਾਉਣ ਲਈ ਪਹੁੰਚ ਕੀਤੀ ਗਈ ਸੀ, ਉਨ੍ਹਾਂ ਵਲੋਂ ਇਸ ਕੰਮ ਲਈ ਰੁਚੀ ਨਾ ਲੈਣ ਦਾ ਇਹ ਅਰਥ ਲਿਆ ਗਿਆ ਸੀ ਕਿ ਉਹ ਉਸ ਸਮੇਂ ਵਾਪਰੀਆਂ ਕੋਝੀਆਂ ਅਤੇ ਗੈਰ-ਕਾਨੂਨੀ ਘਟਨਾਵਾਂ ਵਿਚ ਬੜੀ ਨੇੜਿਓਂ ਸ਼ਾਮਲ ਸਨ।

"ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀ ਗਣਨਾ ਕਰਾਉਣਾ ਭਵਿੱਖ ਵਿਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਕੀਤੇ ਜਾਣ ਤੇ ਸ਼ਕਤੀਸ਼ਾਲੀ ਰੋਕ ਦਾ ਕੰਮ ਕਰੇਗਾ। ਭਾਰਤ ਵਿਚ ਇਹ ਇਕ ਅੱਛਾ ਕਾਰਜ ਹੋਵੇਗਾ ਅਤੇ ਇਸ ਦਾ ਸੰਸਾਰ ਭਰ ਵਿਚ ਕਾਨੂੰਨ ਲਾਗੂ ਕਰਨ ਅਤੇ ਵਿਦ੍ਰੋਹੀ ਕਾਰਵਾਈਆਂ ਨੂੰ

ਨਾਲ ਪਾਉਣ ਦੇ ਮਾਮਲੇ ਤੇ ਬਹੁਤ ਵਧੀਆ ਪ੍ਰਭਾਵ ਪਵੇਗਾ ਅਤੇ ਇਹ ਦੱਖਣੀ ਅਫਰੀਕਾ ਵਿਚ ਸੱਚਾਈ ਅਤੇ ਸੁਲਾਹ-ਸਫ਼ਾਈ ਕਰਨ ਲਈ ਨੈਲਸਨ ਮੰਡੇਲਾ ਦੇ ਕਮਿਸ਼ਨ ਵਾਂਗੂੰ ਸਮਝਿਆ ਜਾਵੇਗਾ।

"ਪੰਜਾਬ ਪੁਲਿਸ ਅਤੇ ਹੋਰ ਜਾਂਚ ਏਜੰਸੀਆਂ ਦੀ ਗਿਣਤੀ ਅਨੁਸਾਰ ਮੌਤਾਂ ਅਤੇ ਲਾਪਤਾ ਵਿਅਕਤੀਆਂ ਦੀ ਸੂਚੀ ਆਪ ਨੂੰ ਮੂਵਮੈਂਟ ਅਗੇਂਸਟ ਸਟੇਟ ਰਿਪਰੈੱਸ਼ਨ (ਐਮ ਏ ਐਸ ਆਰ) ਦੁਆਰਾ ਪਹਿਲਾਂ ਹੀ ਭੇਜੀ ਗਈ ਹੈ। ਆਸਾਨ ਹਵਾਲੇ ਲਈ ਅਸੀਂ ਇਸ ਦੀ ਕਾਪੀ ਇਸ ਦੇ ਨਾਲ ਭੇਜਦੇ ਹਾਂ। ਇਹ ਸੂਚੀ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੇ ਘੋਰ ਪਾਪ ਨੂੰ ਸਾਹਮਣੇ ਲਿਆਉਂਦੀ ਹੈ।

"ਅਸੀਂ ਆਸ ਕਰਦੇ ਹਾਂ ਕਿ ਤੁਹਾਡੀ ਸਰਕਾਰ ਇਹ ਗਣਨਾ ਕਰਵਾ ਕੇ ਕਾਨੂੰਨ ਅਨੁਸਾਰ ਰਾਜ ਅਤੇ ਸੂਚਨਾ ਪ੍ਰਾਪਤ ਕਰਨ ਦੇ ਹੱਕ ਦੇ ਵਾਅਦੇ ਨੂੰ ਪੂਰਾ ਕਰਨ ਵਿਚ ਇਕ ਮਿਸਾਲ ਕਾਇਮ ਕਰੇਗੀ। ਇਹ ਡਰ ਕਿ ਇਹ ਗਣਨਾ 'ਜ਼ਖਮਾਂ ਨੂੰ ਖੋਲ੍ਹੇਗੀ' ਨਿਰਾਧਾਰ ਹੈ। ਬਲਕਿ ਅਜਿਹਾ ਕਰਨ ਨਾਲ ਉਨ੍ਹਾਂ ਹਜ਼ਾਰਾਂ ਪੀੜਤ ਮਾਪਿਆਂ ਨੂੰ ਰਾਹਤ ਅਤੇ ਧਰਵਾਸ ਮਿਲੇਗੀ ਜਿਹੜੇ ਇਹ ਨਹੀਂ ਜਾਣਦੇ ਕਿ ਉਨ੍ਹਾਂ ਦੇ ਪੁੱਤਰ ਮਾਰੇ ਗਏ ਹਨ ਜਾਂ ਜਿਉਂਦੇ ਹਨ; ਇਹ ਮੁਆਵਜ਼ੇ ਅਤੇ ਜਵਾਬਦੇਹੀ ਰਾਹੀਂ ਸੁਲਾਹ-ਸਫ਼ਾਈ ਨੂੰ ਉਤਸ਼ਾਹਿਤ ਕਰਦਿਆਂ ਇਕ ਬੇਮਿਸਾਲ ਇਨਸਾਨੀਅਤ ਵਾਲੀ ਕਾਰਵਾਈ ਹੋਵੇਗੀ।"

ਫਰਵਰੀ, 1997 ਵਿਚ, ਗਣਨਾ ਦੀ ਤਜਵੀਜ਼ ਕੇਂਦਰ ਸਰਕਾਰ ਨੂੰ ਇਸ ਦੀ ਕਾਪੀ ਸਮੇਤ ਨਵੀਂ ਚੁਣੀ ਗਈ ਪੰਜਾਬ ਸਰਕਾਰ ਨੂੰ ਭੇਜੀ ਗਈ ਸੀ। ਪ੍ਰੰਤੂ ਪਹਿਲਾਂ ਹੋਰ ਪਹਿਲਤਾਵਾਂ ਪੈਦਾ ਹੋ ਗਈਆਂ ਸਨ ਅਤੇ ਜਾਂਚ ਕਰਾਉਣ ਬਾਰੇ ਕੁੱਝ ਨਹੀਂ ਸੁਣਿਆ ਗਿਆ ਸੀ, ਨਾ ਹੀ ਗਣਨਾ ਦੀ ਤਜਵੀਜ਼ ਨੂੰ ਕੋਈ ਹੁੰਗਾਰਾ ਦਿੱਤਾ ਗਿਆ ਸੀ।

ਏਨੇ ਨੂੰ 1997 ਵਿਚ ਸੁਪਰੀਮ ਕੋਰਟ ਨੇ "ਅਣਪਛਾਤੀਆਂ ਲਾਸ਼ਾਂ" ਵਜੋਂ ਪੁਲਿਸ ਦੇ ਸ਼ਿਕਾਰਾਂ ਦੇ ਸਸਕਾਰ ਦੇ ਮਾਮਲੇ ਦੀ ਜਾਂਚ ਕਰਨ ਲਈ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਹਦਾਇਤ ਕੀਤੀ। ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੋਹਾਂ ਨੇ ਇਸ ਆਧਾਰ ਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਸ਼ਾਮਲ ਕਰਨ ਦੀ ਵਿਰੋਧਤਾ ਕੀਤੀ ਕਿ ਇਹ ਮਾਮਲਾ ਕਮਿਸ਼ਨ ਨੂੰ ਇਕ ਸਾਲ ਦੀ ਰੋਕ ਕਾਰਨ ਸੌਂਪਿਆ ਨਹੀਂ ਜਾ ਸਕਦਾ। ਸਤੰਬਰ 11, 1998 ਨੂੰ ਸੁਪਰੀਮ ਕੋਰਟ ਨੇ ਨਿਰਣਾ ਦਿੱਤਾ "ਕੋਈ ਕਾਰਨ ਨਹੀਂ ਕਿ ਕਮਿਸ਼ਨ ਸੁਪਰੀਮ ਕੋਰਟ ਦੀ ਬੇਨਤੀ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਜਾਂਚ ਕਿਉਂ ਨਹੀਂ ਕਰ ਸਕਦਾ ਚਾਹੇ ਧਾਰਾ 36 (2) ਵਿਚ ਦਰਸਾਈ ਗਈ ਸਮੇਂ ਦੀ ਹੱਦ ਬੀਤ ਚੁੱਕੀ ਹੋਵੇ ... 585 ਪੂਰੀ ਤਰ੍ਹਾਂ ਪਹਿਚਾਣ ਕੀਤੀਆਂ ਗਈਆਂ ਲਾਸ਼ਾਂ ਦਾ ਮਾਮਲਾ ਕਮਿਸ਼ਨ ਨੂੰ ਪਹਿਲਾਂ ਹੀ ਸੌਂਪਿਆ ਜਾ ਚੁੱਕਾ ਹੈ ਜਿਸਨੇ ਆਪ ਨੂੰ ਇਸ ਕੇਸ ਵਿਚ ਸਹੀ ਤੌਰ ਤੇ ਇਕ ਵਿਲੱਖਣ (*sui generis*) ਸੰਸਥਾ

ਕਿਹਾ ਹੈ।"

ਹੋਰ ਇਹ ਕਿਹਾ ਗਿਆ ਕਿ ਸੁਪਰੀਮ ਕੋਰਟ ਦੇ ਚੀਫ ਜਸਟਿਸ ਜਿਸ ਨੇ ਮੌਲਿਕ ਅਧਿਕਾਰਾਂ ਦੀ ਵਿਆਖਿਆ ਕੀਤੀ ਅਤੇ ਲਾਗੂ ਕੀਤਾ, ਦੀ ਅਗਵਾਈ ਵਾਲਾ ਕਮਿਸ਼ਨ ਸੱਚ-ਮੁਚ ਇਕ ਮਾਹਰ ਸੰਸਥਾ ਹੈ ਜਿਸਦਾ ਇਸ ਕੇਸ ਵਿਚ ਅਦਾਲਤ ਦੁਆਰਾ ਹਵਾਲਾ ਦਿੱਤਾ ਗਿਆ ਹੈ। "ਅਣਪਛਾਤੀਆਂ ਲਾਸ਼ਾਂ" ਲੇਬਲ ਅਧੀਨ ਹਜ਼ਾਰਾਂ ਲਾਸ਼ਾਂ ਦੇ ਗੈਰ-ਰਸਮੀ ਸਸਕਾਰ ਨੂੰ ਦਰਦਨਾਕ ਕਹਿੰਦਿਆਂ ਅਦਾਲਤ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਦੋਸ਼ੀ ਠਹਿਰਾਉਣ ਵਜੋਂ ਅਜਿਹੇ ਮਾਮਲਿਆਂ ਨੂੰ ਨਿਸ਼ਚਿਤ ਅਤੇ ਸਿੱਧ ਕਰਨ ਲਈ ਸੀ ਬੀ ਆਈ ਨੂੰ ਜਾਂਚ ਕਰਨ ਦਾ ਹੁਕਮ ਦਿੱਤਾ ਜਦ ਕਿ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਇਨ੍ਹਾਂ ਕੇਸਾਂ ਦੇ ਹੋਰ ਪਹਿਲੂਆਂ ਦੀ ਪੜਤਾਲ ਕਰਨ ਲਈ ਕਿਹਾ ਗਿਆ।

ਸੀ ਬੀ ਆਈ ਇਸ ਸਿੱਟੇ ਤੇ ਪਹੁੰਚੀ ਕਿ ਪੰਜਾਬ ਪੁਲਿਸ ਨੇ ਲਾਵਾਰਸ ਅਤੇ ਅਣਪਛਾਤੀਆਂ ਲਾਸ਼ਾਂ ਵਜੋਂ ਬਹੁਤ ਸਾਰੀਆਂ ਲਾਸ਼ਾਂ ਦਾ ਸਸਕਾਰ ਕੀਤਾ। ਰਿਪੋਰਟ ਨੇ ਕਈ ਸਵਾਲ ਖੜ੍ਹੇ ਕੀਤੇ: ਕੀ ਲਾਸ਼ਾਂ ਨੂੰ ਪਹਿਚਾਨਣ ਲਈ ਲੋਕਾਂ ਲਈ ਕੋਈ ਜਨਤਕ ਨੋਟਿਸ ਲਗਾਏ ਗਏ ਸਨ? ਉਹ ਕਿਵੇਂ ਮਾਰੇ ਗਏ? ਉਹ ਕਿਨ੍ਹਾਂ ਦੀਆਂ ਲਾਸ਼ਾਂ ਸਨ? ਕੀ ਸਬੰਧਤ ਥਾਣਿਆਂ ਵਿਚ ਇਨ੍ਹਾਂ ਲਾਸ਼ਾਂ ਦਾ ਕੋਈ ਰਿਕਾਰਡ ਰੱਖਿਆ ਗਿਆ ਸੀ?

ਰਾਜ ਅਤੇ ਕੌਮੀ ਪੱਧਰ ਦੇ ਮਨੁੱਖੀ ਅਧਿਕਾਰ ਕਮਿਸ਼ਨਾਂ ਨੂੰ ਸ਼ਿਕਾਇਤਾਂ ਸੁਣਨ ਦਾ ਅਧਿਕਾਰ ਹੈ ਬਸ਼ਰਤੇ ਕਿ ਹਵਾਲੇ ਅਧੀਨ ਘਟਨਾ ਅਦਾਲਤ ਵਿਚ ਕੇਸ ਦਾਇਰ ਕਰਨ ਤੋਂ ਇਕ ਸਾਲ ਦੇ ਅੰਦਰ-ਅੰਦਰ ਵਾਪਰੀ ਹੋਵੇ। ਲਾਪਤਾ ਕੀਤੇ ਗਏ ਵਿਅਕਤੀਆਂ ਅਤੇ ਅਣਪਛਾਤੀਆਂ ਲਾਸ਼ਾਂ ਸਬੰਧੀ ਅਪਰਾਧ ਲਗਾਤਾਰ ਹੋ ਰਿਹਾ ਸੀ ਅਤੇ ਇਸੇ ਕਰਕੇ ਇਹ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਅਧਿਕਾਰ-ਖੇਤਰ ਦੇ ਅੰਦਰ ਸੀ।

### *ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀ ਗਣਨਾ*

ਪੰਜਾਬ ਵਿਚ ਬੀ ਜੇ ਪੀ ਦੇ ਸਹਿਯੋਗ ਨਾਲ ਸੱਤਾ ਵਿਚ ਆਉਣ ਤੋਂ ਬਾਅਦ, ਅਕਾਲੀ ਪਾਰਟੀ, ਜਿਥੋਂ ਤੱਕ ਮਨੁੱਖੀ ਅਧਿਕਾਰਾਂ ਪ੍ਰਤਿ ਇਸ ਦੇ ਪਹਿਲਾਂ ਕੀਤੇ ਗਏ ਵਾਅਦਿਆਂ ਦਾ ਸਬੰਧ ਹੈ, ਜਿਵੇਂ ਇਸ ਨੂੰ ਭੁੱਲ ਜਾਣ ਦੀ ਬਿਮਾਰੀ ਪੈਦਾ ਹੋ ਗਈ ਹੋਵੇ, ਉਨ੍ਹਾਂ ਤੋਂ ਬੜੀ ਆਸਾਨੀ ਨਾਲ ਮੁਕਰ ਗਈ। ਪ੍ਰੰਤੂ ਫਿਰ ਵੀ ਇਨ੍ਹਾਂ ਉਲੰਘਣਾਵਾਂ ਦੀ ਦੇਸ਼-ਵਿਆਪੀ ਗਣਨਾ ਕਰਾਉਣ ਦੀ ਮੁਹਿੰਮ ਜਾਰੀ ਹੈ। ਪੰਜਾਬ ਵਿਚ ਪਿਛਲੇ 15 ਸਾਲਾਂ ਦੌਰਾਨ ਘੱਟ ਤੋਂ ਘੱਟ 2,00,000 ਨਾਗਰਿਕ ਮਾਰੇ ਗਏ ਸਨ, ਇਸ ਕਰਕੇ ਅਜਿਹੀ ਜਾਂਚ ਕਰਨਾ ਸੱਚ-ਮੁਚ ਲਾਜ਼ਮੀ ਹੈ।

ਐਮ ਏ ਐਸ ਆਰ, ਜੋ ਕਿ ਗਣਨਾ ਦੀ ਮੁੱਖ ਤੌਰ ਤੇ ਵਕਾਲਤ ਕਰਦੀ

ਆ ਰਹੀ ਹੈ, ਨੇ ਇਜ਼ਰਾਈਲ ਦੀ ਮਿਸਾਲ ਦਿੱਤੀ ਹੈ, ਜਿੱਥੇ ਹਿਟਲਰ ਦਾ ਪਤਨ ਹੋਣ ਤੋਂ 50 ਸਾਲਾਂ ਬਾਦ ਵੀ ਹਰ ਇਕ ਯਹੂਦੀ ਜਿਹੜਾ ਨਾਜ਼ੀ ਸ਼ਾਸਨ ਦੌਰਾਨ ਖ਼ਤਮ ਕਰ ਦਿੱਤਾ ਗਿਆ ਸੀ - ਅਤੇ ਹਰ ਇਕ ਉਸ ਵਿਅਕਤੀ ਜੋ ਉਨ੍ਹਾਂ ਦੀਆਂ ਤਕਲੀਫ਼ਾਂ ਅਤੇ ਮੌਤ ਲਈ ਜ਼ਿੰਮੇਵਾਰ ਸੀ, ਦਾ ਪੂਰਾ ਵੇਰਵਾ ਪ੍ਰਾਪਤ ਕਰਨ ਲਈ ਕੋਸ਼ਿਸ਼ਾਂ ਜਾਰੀ ਹਨ।

ਉਹ ਵਿਅਕਤੀ ਜੋ ਪੰਜਾਬ ਦੇ ਸੱਚੇ ਇਤਿਹਾਸ ਦੀ ਸੰਭਾਲ ਕਰਨਗੇ, ਦਾ ਕਾਰਜ ਇਜ਼ਰਾਈਲੀਆਂ ਨਾਲੋਂ ਸੁਖਾਲਾ ਹੋਵੇਗਾ। ਭਾਵੇਂ ਬਹੁਤ ਸਾਰੇ ਰਿਕਾਰਡ ਸਾਨੂੰ ਮੁਹੱਈਆ ਨਹੀਂ ਹੋਣਗੇ, ਪਰ ਬਿਨਾਂ ਸ਼ੱਕ ਉਨ੍ਹਾਂ 'ਚੋਂ ਕਈ ਰਿਕਾਰਡ ਜਾਣ-ਬੁੱਝ ਕੇ ਨਸ਼ਟ ਕੀਤੇ ਜਾ ਚੁੱਕੇ ਹਨ - ਐਪਰ ਉਹ ਵਿਅਕਤੀ ਜਿਨ੍ਹਾਂ ਨੇ ਦੁੱਖ ਝੱਲੇ ਜਾਂ ਉਨ੍ਹਾਂ ਦੇ ਨਿਕਟ ਸੰਬੰਧੀ ਜਾਂ ਗਵਾਹ ਮੌਜੂਦ ਹਨ। ਉਹ ਸਾਨੂੰ ਸਭ ਦੱਸ ਸਕਦੇ ਹਨ, ਜੇਕਰ ਸਿਰਫ ਅਸੀਂ ਉਨ੍ਹਾਂ ਪਾਸ ਜਾਣ ਲਈ ਅਤੇ ਉਨ੍ਹਾਂ ਨਾਲ ਬੀਤੀ ਨੂੰ ਸੁਣਨ ਲਈ ਤਿਆਰ ਹੋਈਏ। ਜਿਵੇਂ ਕਿ ਹਰ ਮਨੋਵਿਗਿਆਨੀ ਅਤੇ ਵਕੀਲ ਜਾਣਦਾ ਹੈ, ਕੋਈ ਗਵਾਹ ਕਿਸੇ ਘਟਨਾ ਸਬੰਧੀ ਉਸਦੇ ਵਾਪਰਨ ਦੇ ਤੁਰਤ ਬਾਅਦ ਉਸਦਾ ਸੱਚਾ ਵਰਣਨ ਦੇ ਸਕਦਾ ਹੈ। ਸਮਾਂ ਬੀਤਣ ਦੇ ਨਾਲ-ਨਾਲ, ਉਸਨੂੰ ਵੇਰਵੇ ਭੁੱਲ ਜਾਂਦੇ ਹਨ, ਜਾਂ ਉਹ ਉਨ੍ਹਾਂ ਨੂੰ ਜਾਣੇ ਜਾਂ ਅਣਜਾਣੇ ਆਪਣੇ ਮਨ ਵਿਚ ਹੋਰ ਤਰ੍ਹਾਂ ਘੜ ਲੈਂਦਾ ਹੈ, ਜਾਂ ਸ਼ਾਇਦ ਉਹ ਉਸ ਥਾਂ ਤੋਂ ਚਲਾ ਜਾਂਦਾ ਹੈ। ਸਭ ਤੋਂ ਭਰੋਸੇਯੋਗ ਵਿਵਰਣ ਉਹ ਹੁੰਦਾ ਹੈ ਜੋ ਕਿਸੇ ਘਟਨਾ ਦੇ ਵਾਪਰਨ ਤੋਂ ਛੇਤੀ ਬਾਅਦ ਇਕੱਤਰ ਕੀਤਾ ਜਾਵੇ।

ਜਿੱਥੋਂ ਤਕ ਉਨ੍ਹਾਂ ਵਿਅਕਤੀਆਂ ਦਾ ਪ੍ਰਸ਼ਨ ਹੈ ਜੋ ਇਸ ਸਾਰੇ ਪੁਆੜੇ ਵਿਚ ਸਰਕਾਰ ਵਲੋਂ ਇਸ ਵਿਚ ਸ਼ਰੀਕ ਸਨ - ਜਿਵੇਂ ਕਿ ਸਰਕਾਰੀ ਕਰਮਚਾਰੀ, ਪੁਲਿਸ ਅਤੇ ਨਿਆਂਪਾਲਕਾ - ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਆਪਣੇ ਬਿਆਨ ਦਿੱਤੇ ਹਨ ਅਤੇ ਉਨ੍ਹਾਂ ਦੁਆਰਾ ਬਿਆਨ ਕੀਤੇ ਗਏ ਤੱਥਾਂ ਨੂੰ ਅਖਬਾਰਾਂ ਵਿਚ ਛਪੀਆਂ ਰਿਪੋਰਟਾਂ ਵਿਚੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਉਨ੍ਹਾਂ ਵਿਚੋਂ ਕੁਝ ਜਿਨ੍ਹਾਂ ਨੂੰ ਪੜਤਾਲੀਆ ਕਮਿਸ਼ਨਾਂ, ਜਿਨ੍ਹਾਂ ਦੇ ਸਦਰ ਜਿਯੂਰਰਜ਼ ਆਪ ਸਨ, ਦੁਆਰਾ 1984 ਦੀ ਕਤਲੋਗਾਰਤ ਵਿਚ ਸ਼ਰੀਕ ਹੋਣ ਵਜੋਂ ਸ਼ਿਨਾਖ਼ਤ ਕੀਤੇ ਗਏ, ਨੂੰ ਆਪਣੀਆਂ ਕਰਨੀਆਂ ਲਈ ਕੋਈ ਸਜ਼ਾ ਨਹੀਂ ਦਿੱਤੀ ਗਈ, ਸਗੋਂ ਉਨ੍ਹਾਂ ਨੂੰ ਸੱਤਾਧਾਰੀ ਪਾਰਟੀ ਦੁਆਰਾ ਚੋਣਾਂ ਵਿਚ ਹਿੱਸਾ ਲੈਣ ਲਈ ਟਿਕਟਾਂ ਦਿੱਤੀਆਂ ਗਈਆਂ ਹਨ ਅਤੇ ਉਨ੍ਹਾਂ ਵਿਚੋਂ ਕੁਝ ਨੂੰ ਕੇਂਦਰੀ ਮੰਤਰੀ-ਮੰਡਲ ਵਿਚ ਵੀ ਸ਼ਾਮਲ ਕੀਤਾ ਗਿਆ ਸੀ।

ਜੇਕਰ ਇਹ ਹਾਲਾਤ ਅਤੇ ਬਿਆਨ ਚਕਰਾਉਣ ਵਾਲੇ ਹਨ - ਜਿਵੇਂ ਕਿ ਰਿਟਾਇਰਡ ਚੀਫ਼ ਜਸਟਿਸ ਰੰਗਾਨਾਥ ਦਾ ਕਥਨ ਕਿ "ਥਰਡ ਡਿਗਰੀ ਵਾਲੇ ਤਰੀਕੇ ਉਚਿਤ ਹਨ" ਅਤੇ ਉਹ ਅਜੀਬੋ-ਗਰੀਬ ਵਿਚਾਰਗੋਚਰੇ ਵਿਸ਼ੇ ਜਿਹੜੇ ਕੇਂਦਰ ਸਰਕਾਰ ਨੇ ਆਪਣੇ ਸਰਕਾਰੀ ਤੌਰ ਤੇ ਸਥਾਪਤ ਕੀਤੇ ਗਏ ਹਿਊਮਨ ਰਾਈਟਸ ਕਮਿਸ਼ਨ ਨੂੰ ਇਸ ਹਦਾਇਤ ਨਾਲ ਸੌਂਪੇ ਕਿ ਉਹ ਇਕ ਸਾਲ ਤੋਂ

ਵੱਧ ਪੁਰਾਣੇ ਕੇਸਿਜ਼ ਤੇ ਵਿਚਾਰ ਨਾ ਕਰਨ - ਤਾਂ ਹੋਰ ਵੀ ਵਧੇਰੇ ਕਾਰਣ ਬਣ ਜਾਂਦੇ ਹਨ ਕਿ ਇਨ੍ਹਾਂ ਤੇ ਫੋਕਸ ਕੀਤਾ ਜਾਵੇ।

1984 ਦੀ ਕਤਲੋਗਾਰਤ ਦੇ ਸਬੰਧ ਵਿਚ ਸ਼ਹਾਦਤ (ਗਵਾਹੀ) ਇਕੱਤਰ ਕਰਨ ਸਬੰਧੀ ਕੇਂਦਰੀ ਸਰਕਾਰ ਦਾ ਰਵੱਈਆ ਇਸ ਨੁਕਤੇ ਨੂੰ ਚੰਗੀ ਤਰ੍ਹਾਂ ਉਜਾਗਰ ਕਰਦਾ ਹੈ। 10 ਸਾਲਾਂ ਤੋਂ ਵੱਧ ਸਮੇਂ ਤੋਂ ਘਟਨਾਵਾਂ ਦੀ ਜਾਂਚ-ਪੜਤਾਲ ਕਰਨ ਵਾਲੀਆਂ ਏਜੰਸੀਆਂ ਸੁਸਤ ਚਾਲੇ ਚਲਦੀਆਂ ਆ ਰਹੀਆਂ ਹਨ। ਹੁਣ ਇਸ ਵੇਲੇ ਇਹ ਬਿਲਕੁਲ ਹੀ ਨਾਮੁਮਕਿਨ ਹੈ ਕਿ ਕੀਤੇ ਗਏ ਕਤਲਾਂ ਦੇ ਸਬੰਧ ਵਿਚ ਗਵਾਹੀ ਪੇਸ਼ ਕੀਤੀ ਜਾ ਸਕੇ ਜੋ ਕਿ ਕਿਸੇ ਅਦਾਲਤ ਵਿਚ ਮੰਨੀ ਜਾਵੇ। ਇਸ ਨਾਲ ਇਹ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ ਕਿ ਕੋਈ ਸੁਤੰਤਰ ਏਜੰਸੀ ਜੋ ਕੁਝ ਵਾਪਰਿਆ ਉਸਦਾ ਰਿਕਾਰਡ ਸੰਕਲਿਤ ਕਰਨ ਦਾ ਕੰਮ ਆਪਣੇ ਜ਼ਿੰਮੇ ਲਵੇ। ਅਤੇ ਇਹ ਜਿੰਨਾ ਛੇਤੀ ਹੋਵੇ ਉਨਾਂ ਚੰਗਾ ਹੈ।

ਹਾਲ ਵਿਚਲੇ ਕੋਰਟ ਕੇਸਿਜ਼ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ 1984 ਤੋਂ ਲੈ ਕੇ ਸਾਰੇ ਅਰਸੇ ਦੀ ਨਜ਼ਰਸਾਨੀ ਕੀਤੀ ਜਾਵੇ। ਮਨੁੱਖੀ ਅਧਿਕਾਰ ਗਰੁੱਪਾਂ ਅਤੇ ਰਾਸ਼ਟਰੀ ਅਖਬਾਰਾਂ ਦੇ ਕੁਝ ਸੀਨੀਅਰ ਨਾਮਾਨਿਗਾਰਾਂ ਅਨੁਸਾਰ, ਰਾਜ ਵਿਚ ਲਾਪਤਾ ਵਿਅਕਤੀਆਂ ਦੀ ਗਿਣਤੀ 50,000 ਤੋਂ ਘੱਟ ਨਹੀਂ ਹੈ। ਇਸ ਸਬੰਧ ਵਿਚ ਦਰਿਆਵਾਂ ਅਤੇ ਨਹਿਰਾਂ ਵਿਚ ਵੇਖੀਆਂ ਗਈਆਂ ਲਾਸ਼ਾਂ, "ਲਾਵਾਰਿਸ" ਲਾਸ਼ਾਂ ਦਾ ਸਸਕਾਰ, "ਮਰ ਗਏ" ਹੋਏ ਖਾੜਕੂ ਜੋ ਅਚਨਚੇਤ ਮੁੜ ਸਾਹਮਣੇ ਆ ਗਏ ਅਤੇ ਉਨ੍ਹਾਂ ਨੇ ਅਦਾਲਤਾਂ ਨੂੰ ਆਪਣੇ ਬਚਾਅ ਲਈ ਪਟੀਸ਼ਨਾਂ ਦਾਇਰ ਕੀਤੀਆਂ, ਦਾ ਹਵਾਲਾ ਦਿੱਤਾ ਜਾ ਸਕਦਾ ਹੈ।

ਇਹ ਜਾਣਕਾਰੀ ਇਕੱਤਰ ਕਰਨ ਦਾ ਕੰਮ ਕੌਣ ਆਪਣੇ ਜ਼ਿੰਮੇ ਲਵੇਗਾ? ਦੂਰ ਦੁਰਾਡੇ ਪਿੰਡਾਂ ਵਿਚ ਲੱਖਾਂ ਲੋਕਾਂ ਨਾਲ ਸੰਪਰਕ ਕਰਨਾ ਬਹੁਤ ਹੀ ਵੱਡਾ ਕੰਮ ਹੈ ਜਿਸ ਲਈ ਵੱਡੀ ਗਿਣਤੀ ਵਿਚ ਖੋਜਕਾਰਾਂ ਅਤੇ ਫ਼ਾਰਮ ਛਪਵਾਉਣ, ਪਰਿਵਹਿਨ ਅਤੇ ਇਕੱਠੇ ਕੀਤੇ ਗਏ ਡੈਟਾ ਦਾ ਕੰਪਿਊਟਰ ਅਨੈਲਿਸਿਜ਼ ਕਰਨ ਲਈ ਕਾਫ਼ੀ ਵੱਡੀ ਰਕਮ ਦੀ ਵੀ ਲੋੜ ਪਵੇਗੀ। ਇਹ ਕੁਝ-ਇਕ ਵਿਅਕਤੀਆਂ ਲਈ ਤਾਂ ਬਹੁਤ ਹੀ ਵੱਡਾ ਕਾਰਜ ਹੈ।

ਓਪਰੇਸ਼ਨ ਬਲਿਊਸਟਾਰ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬ ਵਿਚ ਇਤਿਹਾਸਕ ਗੁਰਦੁਆਰਿਆਂ ਦੀ ਸੰਭਾਲ ਅਤੇ ਦੇਖਭਾਲ ਕਰਨ ਲਈ ਚੁਣੀ ਗਈ ਸੰਸਥਾ, ਨੇ ਐਲਾਨ ਕੀਤਾ ਕਿ ਉਹ ਉਸਦੇ ਨਿਯੰਤ੍ਰਣ ਅਧੀਨ ਗੁਰਦੁਆਰਿਆਂ ਵਿਚ ਕੀ ਵਾਪਰਿਆ ਦੇ ਸਬੰਧ ਵਿਚ ਇਕ ਵਾਈਟ ਪੇਪਰ ਤਿਆਰ ਕਰੇਗੀ। ਇਹ ਆਸ਼ਵਾਸਨ ਕਈ ਵਾਰੀ ਦੁਹਰਾਇਆ ਗਿਆ ਪਰ ਸਿੱਖ ਸੰਗਤਾਂ ਪਾਸੋਂ ਕਈ ਵਾਰ ਬੇਨਤੀ ਕੀਤੀ ਜਾਣ ਦੇ ਬਾਵਜੂਦ ਵੀ ਇਸ ਸਬੰਧੀ ਕੁਝ ਨਹੀਂ ਕੀਤਾ ਗਿਆ। ਸਿਰਫ 1994 ਦੇ ਅੰਤ ਵਿਚ ਐਸ ਜੀ ਪੀ ਸੀ ਪਾਸੋਂ ਕੁਝ ਹੁੰਗਾਰਾ ਪ੍ਰਾਪਤ ਹੋਇਆ, ਪਰ ਪ੍ਰਸ਼ਾਸਨ ਦੇ ਲੋੜੀਂਦੇ ਸਮਰਥਨ ਦੀ ਅਣਹੋਂਦ ਵਿਚ, ਕੁਝ ਵੀ ਹਾਸਲ ਨਹੀਂ ਕੀਤਾ ਜਾ ਸਕਿਆ।

ਜਦੋਂ ਕੋਈ ਵਿਅਕਤੀ 1984-1994 ਤਕ ਦੇ ਅਰਸੇ ਦੇ ਸਬੰਧ ਵਿਚ ਜਾਣਕਾਰੀ ਇਕੱਤਰ ਕਰਨ ਦੇ ਵੱਡੇ ਅਤੇ ਜਟਿੱਲ ਕਾਰਜ ਸਬੰਧੀ ਗੱਲ ਕਰਦਾ ਹੈ, ਤਾਂ ਇਹ ਸਪੱਸ਼ਟ ਹੈ ਕਿ ਐਸ ਜੀ ਪੀ ਸੀ ਕੋਲ ਇਸ ਕੰਮ ਨੂੰ ਕਰਨ ਲਈ ਲੋੜੀਂਦਾ ਇਨਫਰਾਸਟ੍ਰਕਚਰ ਨਹੀਂ ਹੋਵੇਗਾ। ਨਾ ਹੀ ਐਸ ਜੀ ਪੀ ਸੀ ਦੇ ਮੈਂਬਰਾਂ ਪਾਸੋਂ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਲੋੜੀਂਦੀ ਕਦਰਦਾਨੀ ਨਾ ਹੀ ਪ੍ਰੇਰਨਾ ਦੀ ਹੀ ਆਸ ਕੀਤੀ ਜਾ ਸਕਦੀ ਹੈ। ਐਸ ਜੀ ਪੀ ਸੀ ਕੋਈ ਖੋਜ ਸੰਸਥਾ ਨਹੀਂ ਹੈ।

1991 ਵਿਚ ਮੂਵਮੈਂਟ ਅਗੇਂਸਟ ਸਟੇਟ ਰਿਪਰੈੱਸ਼ਨ ਨੇ, 1984 ਤੋਂ ਸ਼ੁਰੂ ਕਰਕੇ ਸਾਲਾਨਾ ਆਧਾਰ ਤੇ, ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀ ਗਣਨਾ ਕਰਵਾਏ ਜਾਣ ਲਈ ਇਕ ਫਾਰਮੈਟ ਤਿਆਰ ਕੀਤਾ ਸੀ। ਜਿਸ ਅਰਸੇ ਲਈ ਅੰਕੜੇ ਇਕੱਠੇ ਕੀਤੇ ਜਾਣੇ ਹਨ, ਨੂੰ ਹੁਣ 1996 ਤਕ ਵਧਾ ਦਿੱਤਾ ਜਾਣਾ ਚਾਹੀਦਾ ਹੈ। ਫਾਰਮ ਸੌਖਿਆਂ ਭਰਿਆ ਜਾ ਸਕਣ ਵਾਲਾ ਹੈ ਅਤੇ ਡੈਟਾ ਸਰਕਾਰੀ ਏਜੰਸੀਆਂ ਰਾਹੀਂ ਕੁਝ ਹਫ਼ਤਿਆਂ ਵਿਚ ਹੀ ਇਕੱਤਰ ਕੀਤਾ ਜਾ ਸਕਦਾ ਹੈ। ਜ਼ਿਲ੍ਹਾ ਮਾਲੀਆ ਅਫ਼ਸਰ ਜਨਮ ਅਤੇ ਮ੍ਰਿਤੂ ਦੇ ਰਿਕਾਰਡ ਰੱਖਦੇ ਹਨ।

ਹੁਣ ਉਨ੍ਹਾਂ ਨੂੰ ਸਿਰਫ ਇਹ ਕਰਨਾ ਹੈ ਕਿ ਪਿੰਡਾਂ ਵਿਚ ਜਾਣ ਅਤੇ ਨਾਲ ਲੱਗਿਆ ਫੌਰਮੈਟ ਭਰ ਲੈਣ ਜਿਸ ਵਿਚ 1984 ਤੋਂ 1996 ਤਕ ਸਾਲ ਵਾਰ ਹੋਈਆਂ ਹਿੰਸਕ ਮੌਤਾਂ ਅਤੇ ਲਾਪਤਾ ਹੋਏ ਵਿਅਕਤੀਆਂ ਸਬੰਧੀ ਜਾਣਕਾਰੀ ਰਿਕਾਰਡ ਕੀਤੀ ਜਾਵੇ। ਵਧੇਰੇ ਪ੍ਰਮਾਣਿਕਤਾ ਲਈ ਇਹ ਉਚਿਤ ਹੋਵੇਗਾ ਕਿ ਮੁੱਖ ਰਾਜਨੀਤਕ ਪਾਰਟੀਆਂ, ਜਿਵੇਂ ਕਿ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ, ਬਹੁਜਨ ਸਮਾਜ ਪਾਰਟੀ, ਅਕਾਲੀ ਦਲ (ਅੰਮ੍ਰਿਤਸਰ), ਕਾਂਗਰਸ ਅਤੇ ਖੱਬੂ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਨਾਲ ਰਲਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਯੂ ਐਨ ਅਤੇ ਅਮਨੈਸਟੀ ਇੰਟਰਨੈਸ਼ਨਲ ਅਤੇ ਏਸ਼ੀਆ ਵਾਚ ਦੇ ਨੁਮਾਇੰਦੇ ਆਬਜ਼ਰਵਰਜ਼ ਦੀ ਹੈਸੀਅਤ ਵਿਚ ਨਾਲ ਹੋਣੇ ਚਾਹੀਦੇ ਹਨ।

ਅਜਿਹੀ ਗਣਨਾ ਜਨ-ਉਪਕਾਰੀ ਹੋਵੇਗੀ ਨਾ ਕਿ ਰਾਜਨੀਤਕ ਕਿਸਮ ਦੀ ਅਤੇ ਇਸ ਨਾਲ ਭਾਰਤ ਦੀ ਪ੍ਰਭੂਸੱਤਾ ਦੀ ਕੋਈ ਉਲੰਘਣਾ ਨਹੀਂ ਹੋਵੇਗੀ ਅਤੇ ਇਸ ਲਈ ਭਾਰਤ ਸਰਕਾਰ ਬਿਨਾਂ ਕਿਸੇ ਸੰਕੋਚ ਦੇ ਇਸ ਗਣਨਾ ਦਾ ਸਮਰਥਨ ਕਰ ਸਕਦੀ ਹੈ। ਬਾਹਰ ਦੇ ਆਬਜ਼ਰਵਰਜ਼ ਡੈਟਾ ਇਕੱਠਾ ਕਰਨ ਸਬੰਧੀ ਨਿਰਪੱਖਤਾ ਵਿਚ ਵਾਧਾ ਕਰਨਗੇ। ਡੈਟਾ ਦਾ ਵਿਸ਼ਲੇਸ਼ਨ ਸਹੀ ਅਤੇ ਵਿਸਤ੍ਰਿਤ ਤਸਵੀਰ ਪੇਸ਼ ਕਰੇਗਾ।

ਇਸ ਡੈਟਾ ਦਾ ਵਿਸ਼ਲੇਸ਼ਨ ਅਤੇ ਪ੍ਰਕਾਸ਼ਨ ਅਜਿਹੀ ਕਿਸੇ ਸਥਿਤੀ ਦੇ ਮੁੜ ਵਾਪਰਨ ਲਈ ਵਰਜਕ ਵਜੋਂ ਕੰਮ ਕਰੇਗਾ। ਇਸ ਤੋਂ ਇਲਾਵਾ ਅਜਿਹੀ ਜਾਣਕਾਰੀ ਕਰੋਪੀ ਦੇ ਸ਼ਿਕਾਰ ਵਿਅਕਤੀਆਂ ਨੂੰ ਉਨ੍ਹਾਂ ਦੁਆਰਾ ਝੱਲੇ ਗਏ

ਜ਼ਫ਼ਰ ਲਈ ਕਾਨੂੰਨੀ ਉਪਾਅ ਪ੍ਰਾਪਤ ਕਰਨ ਲਈ ਹੌਂਸਲਾ ਅਤੇ ਅਗਵਾਈ ਪ੍ਰਦਾਨ ਕਰੇਗੀ। ਇਸ ਜਾਣਕਾਰੀ ਨੂੰ ਇਕੱਤਰ ਕਰਨ ਦਾ ਉਦੇਸ਼ ਬਦਲਾ ਲੈਣਾ ਨਹੀਂ ਸਗੋਂ ਪੁਨਰ-ਸਥਾਪਨਾ ਕਰਨਾ ਅਤੇ ਇਕ ਸਹੀ ਇਤਿਹਾਸਕ ਪਰਿਪੇਖ ਪੇਸ਼ ਕਰਨਾ ਹੋਵੇਗਾ।

ਪ੍ਰਸ਼ਨਾਵਲੀ ਵਿਚ ਉਨ੍ਹਾਂ ਵਿਅਕਤੀਆਂ ਦਾ ਨਾਂ ਪੁੱਛਿਆ ਜਾਂਦਾ ਹੈ ਜੋ ਮਰ ਗਏ, ਉਹ ਕਿਵੇਂ ਤੇ ਕਦੋਂ ਮਰੇ; ਇਹ ਉਨ੍ਹਾਂ ਬਾਰੇ ਵੇਰਵੇ ਪ੍ਰਾਪਤ ਕਰਦੀ ਹੈ ਜੋ ਲਾਪਤਾ ਹੋ ਗਏ; ਉਹ ਜਿਹੜੇ ਨਜ਼ਰਬੰਦ ਕੀਤੇ ਗਏ, ਬੰਧਕ ਬਣਾਏ ਗਏ, ਜਿਨ੍ਹਾਂ ਨੂੰ ਤਸੀਹੇ ਦਿੱਤੇ ਗਏ, ਜਿਨ੍ਹਾਂ ਨਾਲ ਜਿਸਮਾਨੀ ਤੌਰ ਤੇ ਛੇੜਖਾਨੀ ਕੀਤੀ ਗਈ ਜਾਂ ਬਲਾਤਕਾਰ ਕੀਤਾ ਗਿਆ; ਜਾਂ ਜਿਨ੍ਹਾਂ ਨੂੰ ਆਪਣੇ ਧਰਮ ਦੀਆਂ ਰੀਤਾਂ ਦੀ ਪਾਲਣਾ ਕਰਨਾ ਛੱਡਣ ਲਈ ਮਜਬੂਰ ਕੀਤਾ ਗਿਆ; ਉਹ ਵਿਅਕਤੀ ਜਾਂ ਗਰੁੱਪ ਜਿਨ੍ਹਾਂ ਨੂੰ ਸ਼ਰੇਆਮ ਬੇਇੱਜ਼ਤ ਕੀਤਾ ਗਿਆ। ਇਹ ਨਿੱਜੀ ਸੰਪਤੀ, ਧਾਰਮਕ ਸਥਾਨਾਂ ਅਤੇ ਪਵਿੱਤਰ ਗ੍ਰੰਥਾਂ ਨੂੰ ਪਹੁੰਚਾਏ ਗਏ ਨੁਕਸਾਨ ਸਬੰਧੀ ਅੰਕੜੇ ਰਿਕਾਰਡ ਕਰੇਗੀ। ਇਸ ਦੁਆਰਾ ਉਨ੍ਹਾਂ ਵਿਅਕਤੀਆਂ ਬਾਰੇ ਵੀ ਪੁੱਛਿਆ ਜਾਂਦਾ ਹੈ ਜੋ ਇਨ੍ਹਾਂ ਕਾਰਵਾਈਆਂ ਲਈ ਜ਼ਿੰਮੇਵਾਰ ਸਨ।

ਫਾਰਮੈਟ ਤਿੰਨ ਪਰਤਾਂ ਵਿਚ ਹੋਵੇਗਾ, ਇਕ ਕਾਪੀ ਜ਼ਿਲ੍ਹੇ ਵਿਚ ਰੱਖੀ ਜਾਵੇਗੀ, ਦੂਜੀ ਕਾਪੀ ਪਾਰਟੀ ਦੁਆਰਾ ਰੱਖੀ ਜਾਵੇਗੀ ਅਤੇ ਤੀਜੀ ਕਾਪੀ ਕੋਆਰਡੀਨੇਸ਼ਨ ਕਮੇਟੀ ਆਨ ਸਟੇਟ ਰਿਪਰੈੱਸ਼ਨ ਜਿਸ ਵਿਚ ਸਿੱਖ ਵਿਦਵਾਨਾਂ ਦੀ ਇਕ ਸੰਸਥਾ ਹੋਵੇਗੀ, ਨੂੰ ਭੇਜੀ ਜਾਵੇਗੀ।

ਗਣਨਾ ਕਰਨ ਦਾ ਕੰਮ ਸਿਰਫ਼ ਇਕੋ ਪਾਰਟੀ ਜਾਂ ਗਰੁੱਪ ਨੂੰ ਨਹੀਂ ਸੌਂਪਿਆ ਜਾਣਾ ਚਾਹੀਦਾ ਪਰੰਤੂ ਇਹ ਘੱਟੋ-ਘੱਟ ਤਿੰਨ ਸੰਸਥਾਵਾਂ ਨੂੰ ਸੌਂਪਿਆ ਜਾਣਾ ਚਾਹੀਦਾ ਹੈ ਜੋ ਇਸ ਸੂਚਨਾ ਨੂੰ ਇਕੋ ਸਮੇਂ ਇਕੱਤਰ ਕਰਨ। ਇਸ ਦੇ ਫ਼ਾਇਦੇ ਇਹ ਹੋਣਗੇ ਕਿ ਇਸ ਨਾਲ 1) ਵਧੇਰੇ ਦਰੁੱਸਤੀ ਹੋਵੇਗੀ; 2) ਤੱਥਾਂ ਦੇ ਗੁੰਮ ਹੋ ਜਾਣ ਜਾਂ ਛੁਪਾਏ ਜਾਣ ਤੋਂ ਰੋਕ ਹੋਵੇਗੀ; 3) ਇਸ ਨਾਲ ਲੋਕਾਂ ਵਿਚ ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕਤਾ ਆਵੇਗੀ।

ਅਜਿਹੀ ਗਣਨਾ ਕੀਤੇ ਜਾਣ ਦਾ ਸੁਝਾਅ ਸ੍ਰ. ਬਲਦੇਵ ਸਿੰਘ ਸਿਬੀਆ, ਉਦੋਂ ਐਸ ਜੀ ਪੀ ਸੀ ਦੇ ਪ੍ਰਧਾਨ ਸਾਹਮਣੇ, 4 ਸਤੰਬਰ, 1991 ਨੂੰ ਰੱਖਿਆ ਗਿਆ ਸੀ, ਅਤੇ ਇਹ ਬਾਅਦ ਵਿਚ ਜੱਥੇਦਾਰ ਤੋਤਾ ਸਿੰਘ ਦੀ ਮੌਜੂਦਗੀ ਵਿਚ ਵੇਰਵੇ ਵਿਚ ਵਿਚਾਰਿਆ ਗਿਆ। ਸਰਦਾਰ ਸਿਬੀਆ ਦੀ ਪ੍ਰਤਿਕ੍ਰਿਆ ਪ੍ਰਵਾਨਗੀ ਵਾਲੀ ਅਤੇ ਪੁਰਜੋਸ਼ ਸੀ। ਐਸ ਜੀ ਪੀ ਸੀ ਵਲੋਂ, ਉਨ੍ਹਾਂ ਨੇ ਸਾਰੀ ਲਿਖਣ ਸਮੱਗਰੀ ਅਤੇ ਦਫ਼ਤਰੀ ਖ਼ਰਚੇ ਕਰਨ ਦੀ ਪੇਸ਼ਕਸ਼ ਕੀਤੀ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਜਦ ਕਿ ਐਸ ਜੀ ਪੀ ਸੀ ਉਸਦੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਵਿਚ ਪੁਲਿਸ ਜ਼ਿਆਦਤੀਆਂ ਦੀ ਸਿੱਧੇ ਤੌਰ ਤੇ ਪੜਤਾਲ ਕਰੇਗੀ, ਅਤੇ ਬਾਕੀ ਦੇ ਗੁਰਦੁਆਰਿਆਂ ਸਬੰਧੀ ਜਾਣਕਾਰੀ ਗਣਨਾ ਰਾਹੀਂ ਇਕੱਤਰ ਕੀਤੀ ਜਾਣੀ ਚਾਹੀਦੀ ਹੈ।

ਇਸ ਦਸਤਾਵੇਜ਼ੀ ਸਬੂਤ ਇਕੱਠੇ ਕਰਨ ਦੇ ਪ੍ਰਾਜੈਕਟ ਸਬੰਧੀ ਰਾਇ ਜਿਸ ਵਿਚ ਸਰਦਾਰ ਸਿਬੀਆ ਦਾ ਸੁਝਾਅ ਵੀ ਸ਼ਾਮਲ ਕੀਤਾ ਗਿਆ, ਅਕਾਲੀ ਨੇਤਾਵਾਂ ਸ੍ਰ. ਸਿਮਰਨਜੀਤ ਸਿੰਘ ਮਾਨ, ਸ੍ਰ. ਪ੍ਰਕਾਸ਼ ਸਿੰਘ ਬਾਦਲ ਅਤੇ ਬੀ ਕੇ ਯੂ ਪ੍ਰਧਾਨ ਸ੍ਰ. ਅਜਮੇਰ ਸਿੰਘ ਲਖੋਵਾਲ ਨੂੰ ਭੇਜੀ ਗਈ। ਉਨ੍ਹਾਂ ਪਾਸੋਂ ਉਤਸਾਹਜਨਕ ਹੁੰਗਾਰਾ ਮਿਲਿਆ ਅਤੇ ਉਨ੍ਹਾਂ ਨੇ ਇਸ ਕੰਮ ਨੂੰ ਆਪੋ ਆਪਣੇ ਕਾਡਰਾਂ ਰਾਹੀਂ ਨੇਪਰੇ ਚਾੜ੍ਹਨਾ ਮੰਨਿਆਂ। ਉਸ ਸਟੇਜ ਤੇ, ਇਸ ਕੰਮ ਨੂੰ ਮਨਾਂ ਵਿਚ ਭੈਅ ਤੇ ਤ੍ਰਾਸ ਕਾਰਣ ਨਾ ਤਾਂ ਅਕਾਲੀ ਦਲ ਨਾ ਹੀ ਬੀ ਕੇ ਯੂ ਹੀ ਨੇਪਰੇ ਚਾੜ੍ਹ ਸਕੇ।

1993 ਦੇ ਸ਼ੁਰੂ-ਸ਼ੁਰੂ ਵਿਚ, ਤਿੰਨ ਮਨੁੱਖੀ ਅਧਿਕਾਰਾਂ ਸਬੰਧੀ ਗਰੁੱਪਾਂ, ਐਮ ਏ ਐਸ ਆਰ, ਪੀ ਐਚ ਆਰ ਓ ਅਤੇ ਪੀ ਯੂ ਸੀ ਐਲ ਅਤੇ ਪੰਜਾਬ ਦੇ ਤਿੰਨ ਸਾਬਕਾ ਐਡਵੋਕੇਟਸ ਜਨਰਲ ਨੇ ਅਜਿਹੀ ਗਣਨਾ ਕਰਵਾਉਣ ਲਈ ਯੂਨਾਈਟਿਡ ਨੇਸ਼ਨਜ਼ ਨੂੰ ਪਟੀਸ਼ਨ ਕੀਤੀ ਸੀ।[12] ਯੂ.ਐਨ. ਦੀ ਪ੍ਰਤਿਕ੍ਰਿਆ ਹਮਦਰਦੀਪੂਰਣ ਸੀ, ਪਰ ਜੇਕਰ ਯੂ ਐਨ ਨੇ ਇਹ ਗਣਨਾ ਕਰਵਾਉਣੀ ਵੀ ਹੁੰਦੀ, ਤਾਂ ਵੀ ਅਣਗਿਣਤ ਰਸਮੀ ਕਾਰਵਾਈਆਂ ਅੱਗੇ ਆ ਜਾਣੀਆਂ ਸਨ। ਉਸ ਸਮੇਂ ਵੀ, ਮਨੁੱਖੀ ਅਧਿਕਾਰ ਕਾਰਜ-ਕਰਤਾ ਚਿੰਤਤ ਸਨ ਕਿ ਬਹੁਤ ਸਾਰੀ ਗਵਾਹੀ ਉਦੋਂ ਤਕ, ਜਦੋਂ ਕੰਮ ਅਸਲ ਵਿਚ ਸ਼ੁਰੂ ਕੀਤਾ ਜਾਂਦਾ ਹੈ, ਲੋਪ ਹੋ ਜਾਵੇਗੀ।

1997 ਵਿਚ ਐਮ ਏ ਐਸ ਆਰ ਨੇ ਇਕ ਵਾਰ ਫ਼ੇਰ ਭਾਰਤ ਦੇ ਪ੍ਰਧਾਨ ਮੰਤਰੀ, ਇੰਦਰ ਕੁਮਾਰ ਗੁਜਰਾਲ, ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਦੇ ਪ੍ਰਧਾਨ, ਵੈਨਕਟਾਚਲਈਆ ਅਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ, ਮੌਤਾਂ ਅਤੇ ਲਾਪਤਾ ਹੋ ਗਏ ਵਿਅਕਤੀਆਂ ਦੀ ਗਣਨਾ ਕਰਵਾਉਣ ਲਈ ਲਿਖਿਆ।[13.14] ਜਦ ਕਿ ਐਨ ਐਚ ਆਰ ਸੀ ਨੇ ਕਿਹਾ ਸੀ ਕਿ ਉਹ ਇਸ ਸਬੰਧੀ ਵਿਚਾਰ ਕਰੇਗਾ, ਉਸਨੇ ਇਹ ਵੀ ਕਿਹਾ ਸੀ ਕਿ ਇਸ ਸਬੰਧੀ ਆਦੇਸ਼ ਹੈ ਜੋ ਐਨ ਐਚ ਆਰ ਸੀ ਨੂੰ ਕਿਸੇ ਅਪਰਾਧ ਦੇ ਕੀਤੇ ਜਾਣ ਤੋਂ ਇਕ ਸਾਲ ਤੋਂ ਵੱਧ ਸਮਾਂ ਬੀਤ ਜਾਣ ਤੋਂ ਬਾਅਦ ਉਸਦੀ ਪੜਤਾਲ ਕਰਨ ਤੇ ਰੋਕ ਲਗਾਉਂਦਾ ਹੈ। ਐਮ ਏ ਐਸ ਆਰ ਨੇ ਇਸਦੇ ਉੱਤਰ ਵਿਚ ਕਿਹਾ ਕਿ ਅਜਿਹੇ ਕੇਸ ਵਿਚ ਕਾਨੂੰਨੀ ਕਾਰਵਾਈ ਸਬੰਧੀ ਤਾਂ ਰੋਕ ਹੋ ਸਕਦੀ ਹੈ ਪਰੰਤੂ ਪੜਤਾਲ ਕਰਨ ਤੇ ਕੋਈ ਰੋਕ ਨਹੀਂ ਹੈ ਅਤੇ ਫਿਰ ਲਾਪਤਾ ਵਿਅਕਤੀਆਂ ਦੇ ਕੇਸ ਵਿਚ ਤਾਂ ਅਪਰਾਧ ਅਜੇ ਵੀ ਨਿਰੰਤਰ ਚਲ ਰਿਹਾ ਹੈ।

ਹੁਣ, 1998 ਦੇ ਅੰਤ ਵਿਚ ਲਿਖਦਿਆਂ, ਗੁਆਚਾ ਸਮਾਂ ਹੋਰ ਵੀ ਜ਼ਿਆਦਾ ਰੜਕਦਾ ਹੈ, ਪਰ ਘੱਟ ਤੋਂ ਘੱਟ ਰਾਜਨੀਤਕ ਸਥਿਤੀ ਸੁਧਰ ਚੁੱਕੀ ਹੈ ਅਤੇ ਹੁਣ ਅਜਿਹੀ ਗਣਨਾ ਕਰਨ ਲਈ ਹਾਲਾਤ ਕਾਫ਼ੀ ਢੁੱਕਵੇਂ ਹਨ। ਇਸ ਕੰਮ ਨੂੰ ਜਿੰਨੀ ਜਲਦੀ ਸੰਭਵ ਹੋਵੇ ਸ਼ੁਰੂ ਕਰ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਇਸ ਸਬੰਧੀ ਅਤਿ-ਮਹੱਤਵਪੂਰਣ ਸੂਚਨਾ ਗੁੰਮ ਨਾ ਹੋ ਜਾਵੇ।

*ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਤੇ ਲੋਕ ਕਮਿਸ਼ਨ*

ਪੰਜਾਬ ਮਨੁੱਖੀ ਅਧਿਕਾਰ ਗੁੱਟ ਪਹਿਲਾਂ ਹੀ ਕਈ ਮਹੀਨੇ ਇੰਤਜ਼ਾਰ ਕਰ ਚੁੱਕੇ ਸਨ ਕਿ ਨਵੀਂ ਚੁਣੀ ਅਕਾਲੀ-ਬੀ ਜੇ ਪੀ ਸਰਕਾਰ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੇ ਮਾਮਲੇ ਤੇ ਵਿਚਾਰ ਕਰੇ। ਅਪ੍ਰੈਲ, 1997 ਵਿਚ, ਜਲੰਧਰ ਵਿਖੇ ਹੋਏ ਇਕ ਸੰਮੇਲਨ, ਜਿਸ ਬਹੁਤ ਸਾਰੇ ਲੋਕ ਸ਼ਾਮਲ ਹੋਏ, ਵਿਚ ਇਕ ਲੋਕ ਕਮਿਸ਼ਨ ਕਾਇਮ ਕਰਨ ਦਾ ਸੱਦਾ ਦਿੱਤਾ ਗਿਆ ਸੀ। 1997 ਦੇ ਪਤਝੜ ਮੌਸਮ ਤੱਕ, ਕਈ ਗੁੱਟ ਇਕੱਠੇ ਹੋ ਗਏ ਅਤੇ ਉਨ੍ਹਾਂ ਨੇ ਪੰਜਾਬ ਵਿਚ ਲੋਕਾਂ ਨੂੰ ਗੁੰਮ ਕਰਨ ਸਬੰਧੀ ਇਕ ਤਾਲਮੇਲ ਕਮੇਟੀ ਬਣਾਈ। ਆਰ. ਐਨ. ਕੁਮਾਰ ਨੂੰ ਇਸ ਦਾ ਚੇਅਰਮੈਨ ਬਣਾਇਆ ਗਿਆ ਕਿਉਂਕਿ ਉਹ ਕਮੇਟੀ ਆਨ ਇਨੀਸ਼ੀਏਟਿਵ ਆਨ ਪੰਜਾਬ, ਜੋ ਕਿ ਇਕ ਮਨੁੱਖੀ ਅਧਿਕਾਰ ਗੁੱਟ ਸੀ, ਦਾ ਮੈਂਬਰ ਸੀ ਅਤੇ ਉਸ ਨੇ ਉਸ ਕਮੇਟੀ ਦੇ ਵਕੀਲਾਂ ਨਿਤਿਆ ਅਤੇ ਅਸ਼ੋਕ ਅੱਗਰਵਾਲ ਰਾਹੀਂ ਸਸਕਾਰ ਅਤੇ ਅਣਪਛਾਤੀਆਂ ਲਾਸ਼ਾਂ ਦੇ ਕੇਸ ਵਿਚ ਸੁਪਰੀਮ ਕੋਰਟ ਅਗੇ ਪਹਿਲਾਂ ਬਹੁਤ ਹੀ ਸਫਲਤਾਪੂਰਵਕ ਜਿਰ੍ਹਾ ਕੀਤੀ ਸੀ। ਇਹ ਤਾਲਮੇਲ ਕਮੇਟੀ ਮੁੱਖ ਤੌਰ ਤੇ ਇਨ੍ਹਾਂ ਕੇਸਾਂ ਦੀ ਪੈਰਵੀ ਕਰਨ ਲਈ ਬਣਾਈ ਗਈ ਸੀ। ਬਾਅਦ ਵਿਚ, ਲਾਪਤਾ ਵਿਅਕਤੀਆਂ ਦੇ ਸਾਰੇ ਕੇਸਾਂ ਅਤੇ ਜਿਥੋਂ ਤਕ ਸੰਭਵ ਹੋਵੇ ਕੁਝ ਲਾਸ਼ਾਂ ਜੋ ਕਿ ਪੰਜਾਬ ਦੇ ਦੂਰ-ਦੁਰਾਡੇ ਇਲਾਕਿਆਂ ਤੋਂ ਅੰਮ੍ਰਿਤਸਰ ਅਤੇ ਤਰਨ ਤਾਰਨ ਵਿਖੇ ਸਸਕਾਰ ਕੀਤੇ ਜਾਣ ਲਈ ਲਿਆਂਦੀਆਂ ਗਈਆਂ ਸਨ, ਦੀ ਜਾਂਚ ਕਰਨ ਦਾ ਫੈਸਲਾ ਕੀਤਾ ਗਿਆ ਸੀ।

ਲੋਕ ਕਮਿਸ਼ਨ, ਐਨ ਐਚ ਆਰ ਸੀ ਦੀਆਂ ਕਾਨੂੰਨੀ ਬੰਦਸ਼ਾਂ ਦੁਆਰਾ ਦਰਸਾਈਆਂ ਗਈਆਂ ਸਮੱਸਿਆਵਾਂ ਅਤੇ ਜ਼ਿੰਮੇਵਾਰੀ ਅਤੇ ਜਵਾਬਦੇਹੀ ਨਿਸ਼ਚਿਤ ਕਰਨ ਦੇ ਵਿਸ਼ੇਸ਼ ਹਵਾਲੇ ਨਾਲ ਸਚਾਈ ਦਾ ਪਤਾ ਲਗਾਉਣ ਲਈ ਕਾਇਮ ਕੀਤਾ ਗਿਆ ਸੀ। ਸੁਪਰੀਮ ਕੋਰਟ ਦੀ ਹਿਦਾਇਤ ਤੇ ਸੀ.ਬੀ.ਆਈ. ਦੁਆਰਾ ਕੀਤੀ ਗਈ ਜਾਂਚ ਨਾਲ ਲੋਕ ਕਮਿਸ਼ਨ ਦੀ ਸਿਰਜਣਾ ਕਰਨ ਤੇ ਜ਼ੋਰ ਪਿਆ ਅਤੇ ਜਿਸ ਤੋਂ ਉਨ੍ਹਾਂ ਸ਼ਿਕਾਰ ਹੋਏ ਪਰਿਵਾਰਾਂ ਜਿਨ੍ਹਾਂ ਨੂੰ ਬਹੁਤੇ ਕੇਸਾਂ ਵਿਚ ਇਹ ਵੀ ਨਹੀਂ ਪਤਾ ਸੀ ਕਿ ਕੀ ਉਨ੍ਹਾਂ ਦੇ ਰਿਸ਼ਤੇਦਾਰ ਜਿਉਂਦੇ ਹਨ ਜਾਂ ਮਾਰ ਦਿੱਤੇ ਗਏ ਹਨ, ਨੂੰ ਕੁੱਝ ਰਾਹਤ ਦੇਣ ਦੀ ਉਮੀਦ ਕੀਤੀ ਗਈ। ਕਮਿਸ਼ਨ ਦੇ ਨਿਰਣਿਆਂ ਦਾ ਕਿਸੇ ਅਦਾਲਤ ਜਾਂ ਫੋਰਮ ਅੱਗੇ ਬੇਹੱਦ ਮੁੱਲ ਪਵੇਗਾ, ਜਿਨ੍ਹਾਂ ਦੇ ਵਿਚਾਰ-ਗੋਚਰੇ ਅਜਿਹੇ ਕੇਸ ਰੱਖੇ ਜਾਣਗੇ।

10 ਦਸੰਬਰ, 1997 ਨੂੰ ਜਸਟਿਸ (ਰਿਟਾਇਰਡ) ਕੁਲਦੀਪ ਸਿੰਘ ਨੇ ਪੰਜਾਬ ਵਿਚ ਲਾਪਤਾ ਵਿਅਕਤੀਆਂ ਦੇ ਕੇਸਾਂ ਸਬੰਧੀ ਤਾਲਮੇਲ ਕਮੇਟੀ ਦੇ ਪਹਿਲੇ ਸਮਾਗਮ ਦਾ ਉਦਘਾਟਨ ਕੀਤਾ। ਕੁਲਦੀਪ ਸਿੰਘ ਨੇ ਰਾਜ ਵਿਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀਆਂ ਸਾਰੀਆਂ ਰਿਪੋਰਟਾਂ ਦੀ ਜਾਂਚ ਕਰਨ ਲਈ ਪੰਜਾਬ ਸਰਕਾਰ ਨੂੰ ਇਕ ਟਰੂਥ (ਸੱਚਾਈ) ਕਮਿਸ਼ਨ ਗਠਿਤ

ਕਰਨ ਲਈ ਕਿਹਾ।

ਅਪ੍ਰੈਲ, 1998 ਤਕ, ਲੋਕ ਕਮਿਸ਼ਨ ਕਾਇਮ ਕਰਨ ਦਾ ਐਲਾਨ ਕੀਤਾ ਗਿਆ। ਇਸ ਕਮਿਸ਼ਨ ਵਿਚ ਜਸਟਿਸ ਡੀ. ਐਸ. ਕਲਕੱਤਾ ਹਾਈ ਕੋਰਟ ਦੇ ਸਾਬਕਾ ਚੀਫ ਜਸਟਿਸ, ਬੰਬਈ ਹਾਈ ਕੋਰਟ ਦੇ ਸਾਬਕਾ ਜਜ ਜਸਟਿਸ ਐਚ. ਸੁਰੇਸ਼ ਅਤੇ ਜਸਟਿਸ ਜਸਪਾਲ ਸਿੰਘ, ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਸਨ - ਜਿਨ੍ਹਾਂ ਸਾਰਿਆਂ ਦਾ ਨਿੱਜੀ ਵਕਾਰ ਅਤੇ ਕਾਨੂੰਨੀ ਮੁਹਾਰਤ ਅੱਛੀ ਸੀ। ਕਮਿਸ਼ਨ ਕਾਇਮ ਕਰਨ ਪਿੱਛੇ ਪ੍ਰਭਾਵਸ਼ਾਲੀ ਭਾਵਨਾ ਜਸਟਿਸ ਕੁਲਦੀਪ ਸਿੰਘ, ਸੁਪਰੀਮ ਕੋਰਟ ਦੇ ਇਕ ਰਿਟਾਇਰਡ ਜਜ ਦੀ ਸੀ।

ਪ੍ਰਕਾਸ਼ਿਤ ਕੀਤੇ ਗਏ ਨੋਟਿਸਾਂ ਨੂੰ ਬਹੁਤ ਜ਼ਿਆਦਾ ਹੁੰਗਾਰਾ ਮਿਲਿਆ, 8 ਅਗੱਸਤ, 1998 ਨੂੰ ਚੰਡੀਗੜ੍ਹ ਵਿਖੇ ਕਮਿਸ਼ਨ ਦੀ ਪਹਿਲੀ ਬੈਠਕ ਵਿਚ 3,000 ਕੇਸ ਪੇਸ਼ ਕੀਤੇ ਗਏ। ਇਨ੍ਹਾਂ ਵਿਚੋਂ, 879 ਕੇਸ ਸੂਚੀ-ਏ ਵਿਚ ਪਾਏ ਗਏ - ਇਹ ਉਹ ਕੇਸ ਸਨ ਜਿਨ੍ਹਾਂ ਦੇ ਹੱਕ ਵਿਚ ਪੇਸ਼ ਕੀਤੇ ਜਾਣ ਲਈ ਕਾਫੀ ਕੁਝ ਸੀ ਅਤੇ ਜਿਹੜੇ ਕਮਿਸ਼ਨ ਅਗੇ ਪੇਸ਼ ਕੀਤੇ ਜਾਣ ਦੇ ਕਾਬਲ ਸਨ; ਬਾਕੀ ਦੇ ਕੇਸ ਪੜਤਾਲ ਅਧੀਨ ਹਨ।

ਕਮਿਸ਼ਨ ਕਿਸੇ ਉਸ ਕੇਸ ਦੀ ਜਾਂਚ ਨਹੀਂ ਕਰ ਸਕਦਾ ਜਿਹੜਾ ਪਹਿਲਾਂ ਹੀ ਨਿਆਂਇਕ ਕਾਰਵਾਈ ਜਾਂ ਅਦਾਲਤ ਵਿਚ ਹੈ ਅਤੇ ਇਸ ਵਿਚ ਕਿਸੇ ਨਿਆਂਇਕ ਅਦਾਲਤ ਦੇ ਫੈਸਲੇ ਦੀ ਪਾਲਣਾ ਕੀਤੀ ਜਾਣੀ ਹੋਵੇ ਭਾਵੇਂ ਇਸ ਕਮਿਸ਼ਨ ਦੀ ਹੋਂਦ ਨਿਆਂ ਅਤੇ ਕਾਨੂੰਨ ਦੇ ਕਾਰਜ ਤੇ ਜ਼ੋਰ ਪਾਉਣ ਲਈ ਕੰਮ ਕਰਦੀ ਹੈ। ਕਮਿਸ਼ਨ ਦੇ ਹਵਾਲੇ ਦੀਆਂ ਸ਼ਰਤਾਂ ਬਹੁਤ ਵਿਸ਼ਾਲ ਹਨ ਅਤੇ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਚਾਹੇ ਇਹ ਕਿਸੇ ਸਰਕਾਰੀ ਏਜੰਸੀ ਜਾਂ ਖਾੜਕੂਆਂ ਦੁਆਰਾ ਕੀਤੀਆਂ ਗਈਆਂ ਹੋਣ, ਦੇ ਸਾਰੇ ਕੇਸਾਂ ਦੀ ਜਾਂਚ ਇਨ੍ਹਾਂ ਵਿਚ ਸ਼ਾਮਲ ਹੈ। ਕਮੇਟੀ ਦੁਆਰਾ ਚਲਾਈਆਂ ਗਈਆਂ ਦਸਤਾਵੇਜ਼ੀ ਯੋਜਨਾਵਾਂ ਸਰਕਾਰੀ ਸ਼ਕਤੀ ਦੇ ਸ਼ਿਕਾਰ ਹੋਏ ਵਿਅਕਤੀਆਂ ਤੇ ਫ਼ੋਕਸ ਹਨ। ਕਮੇਟੀ ਦਾ ਮੰਤਵ, ਮਨੁੱਖੀ ਅਧਿਕਾਰਾਂ ਦੀ ਕੁਵਰਤੋਂ ਦੇ ਗੰਭੀਰ ਦੋਸ਼ਾਂ ਦੀ ਮੁਕੰਮਲਤਾ ਅਤੇ ਭਰੋਸੇਯੋਗਤਾ ਨੂੰ ਯਕੀਨੀ ਬਣਾਉਣਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਉਹ ਮੁੱਖ ਡੈਟਾ ਜੋ ਕਿ ਬਿਲਕੁਲ ਸਹੀ ਤੇ ਨੁਕਸ-ਰਹਿਤ ਹੋਵੇ, ਦੇ ਬੇ-ਗੁਨਾਹ ਸੁਭਾਓ ਵਿਰੁੱਧ ਪਰਖੇ ਜਾਂਦੇ ਹਨ।

ਲੋਕ ਕਮਿਸ਼ਨ ਨੇ ਆਪਣੀ ਪਹਿਲੀ ਬੈਠਕ 8 ਅਗਸਤ ਨੂੰ ਚੰਡੀਗੜ੍ਹ ਵਿੱਖੇ ਰੱਖੀ। ਕਮਿਸ਼ਨ ਸਾਹਮਣੇ ਇਹ ਤੈਅ ਕਰਨ ਦਾ ਕਾਰਜ ਸੀ ਕਿ ਕੀ 1979 ਤੋਂ 1997 ਤੱਕ ਰਾਜ ਦੀਆਂ ਏਜੰਸੀਆਂ ਨੇ - "ਸਿੱਧੇ ਤੌਰ ਤੇ ਜਾਂ ਅਸਿੱਧੇ ਤੌਰ ਤੇ" - ਕੋਈ ਜੁਰਮ ਢਾਏ ਜਾਂ ਸਹੇ ਹਨ ਅਤੇ ਇਸ ਤਰ੍ਹਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ ਅਤੇ ਕੀ ਕਿਸੇ ਸਰਕਾਰੀ ਏਜੰਸੀ ਨੇ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਕਾਨੂੰਨ ਅਧੀਨ ਮੁੱਖ ਤੌਰ ਤੇ ਕੋਈ ਅਪਰਾਧ

ਕੀਤਾ ਹੈ। ਕਮਿਸ਼ਨ ਸਰਕਾਰ ਜਾਂ ਇਸ ਦੀਆਂ ਏਜੰਸੀਆਂ ਤੋਂ ਮੁਆਵਜ਼ੇ ਦੀ ਹੱਕ ਦਾਰੀ ਸਮੇਤ ਜੁਰਮਾਂ ਦੇ ਸ਼ਿਕਾਰ ਵਿਅਕਤੀਆਂ ਨੂੰ ਉਪਲੱਬਧ ਉਪਾਵਾਂ ਦਾ ਅਗੋਂ ਸੁਝਾਅ ਦੇਵੇਗਾ।

ਜਿਵੇਂ ਉਮੀਦ ਹੀ ਸੀ ਸਰਕਾਰ ਨੇ ਕਮਿਸ਼ਨ ਨੂੰ ਵਿਆਕੁਲਤਾ ਨਾਲ ਲਿਆ ... ਪ੍ਰੰਤੂ ਦਸਵੇਂ ਸਿੱਖ ਗੁਰੂ ਦੇ ਨਾਂ ਹੇਠ ਇਕ ਸੰਸਥਾ, ਜਿਉਂ ਹੀ ਕਮਿਸ਼ਨ ਦੀ ਪਹਿਲੀ ਸੁਣਵਾਈ ਦੀ ਮਿਤੀ ਨੇੜੇ ਆਈ, ਵੀ ਮੁਕਰ ਗਈ। ਕੁੱਝ ਹੀ ਮਹੀਨੇ ਪਹਿਲਾਂ ਕਮਿਸ਼ਨ ਨੇ ਆਪਣੀ ਪਹਿਲੀ ਬੈਠਕ ਲਈ ਇਕ ਸਰਕਾਰੀ ਇਮਾਰਤ ਦੇ ਹਾਲ ਨੂੰ ਕਿਰਾਏ ਤੇ ਲੈਣ ਦਾ ਪ੍ਰਬੰਧ ਕੀਤਾ ਪ੍ਰੰਤੂ ਐਨ ਮੌਕੇ ਪ੍ਰਾਸ਼ਾਸਨ ਇਹ ਪ੍ਰਬੰਧ ਕਰਨ ਤੋਂ ਨੱਠ ਗਿਆ। ਉਸ ਉਪ੍ਰੰਤ, ਇਸ ਮੰਤਵ ਲਈ ਗੁਰੂ ਗੋਬਿੰਦ ਸਿੰਘ ਭਵਨ ਨੂੰ ਆਪਣਾ ਇਕ ਹਾਲ ਕਿਰਾਏ ਤੇ ਦੇਣ ਲਈ ਕਿਹਾ ਗਿਆ, ਪ੍ਰੰਤੂ ਇਸ ਨੇ ਵੀ ਨਾਂਹ ਕਰ ਦਿੱਤੀ। ਆਖਰਕਾਰ, ਇਸ ਨੂੰ ਚੰਡੀਗੜ੍ਹ ਦੇ ਸੈਕਟਰ 34 ਦੇ ਗੁਰਦੁਆਰੇ ਵਿਚ ਜਗ੍ਹਾ ਮਿਲੀ।

ਕਮਿਸ਼ਨ ਦੀ ਸੁਣਵਾਈ ਤੋਂ ਬਹੁਤ ਜ਼ਿਆਦਾ ਰੁਚੀ ਪੈਦਾ ਹੋਈ ਅਤੇ ਇਸ ਦੇ ਸਾਹਮਣੇ ਦੋਵੇਂ ਕੱਟੜ ਸਮੱਰਥਕ ਅਤੇ ਜ਼ਬਰਦਸਤ ਅਲੋਚਕ ਪੇਸ਼ ਹੋਏ। ਸਤੰਬਰ 17, 1998 ਨੂੰ '**ਦਿ ਟ੍ਰਿਬਿਊਨ**' ਅਖਬਾਰ ਨੇ ਨਾਲੋ ਨਾਲ ਦੋ ਵੱਡੇ ਲੇਖ ਪ੍ਰਕਾਸ਼ਿਤ ਕੀਤੇ - ਇਕ ਕਮਿਸ਼ਨ ਦੇ ਹੱਕ ਵਿਚ ਅਤੇ ਦੂਜਾ ਇਸ ਦੇ ਵਿਰੁੱਧ। ਕਮਿਸ਼ਨ ਦੇ ਹੱਕ ਵਿਚ ਲਿਖਣ ਵਾਲਾ ਸੀ ਇਕ ਰਿਟਾਇਰਡ ਚੀਫ ਜਸਟਿਸ ਰਜਿੰਦਰ ਸੱਚਰ। ਸੱਚਰ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਕਿ ਕਮਿਸ਼ਨ ਪੱਖਪਾਤੀ, ਸ਼ਿਕਾਇਤਾਂ ਦੀ ਛਾਣਬੀਣ ਕਰਨ ਦੇ ਅਸਮੱਰਥ ਜਾਂ "ਗੈਰ ਕਾਨੂੰਨੀ" ਹੈ; ਉਸ ਨੇ ਉਨ੍ਹਾਂ ਦੀ ਵੀ ਆਲੋਚਨਾ ਕੀਤੀ ਜਿਹੜੇ 'ਜ਼ਖਮਾਂ ਨੂੰ ਖੋਲ੍ਹਣ' ਤੋਂ ਡਰਦੇ ਹਨ, ਉਸ ਨੇ ਉਨ੍ਹਾਂ ਦੇ ਨਜ਼ਰੀਏ ਨੂੰ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਵਿਚ ਇਕ ਫਜ਼ੂਲ ਕਾਨੂੰਨੀ ਕਾਰਵਾਈ ਨੂੰ ਚਿਰਸਥਾਈ ਬਣਾਉਣ ਦਾ ਸੱਦਾ ਦੇਣ ਵਜੋਂ ਕਿਹਾ। ਪੰਜਾਬ ਐਡਵੋਕੇਟ ਜਨਰਲ ਜੀ. ਐਸ. ਗਰੇਵਾਲ ਨੇ ਕਮਿਸ਼ਨ ਦੀ ਇਸ ਨੂੰ ਕਾਨੂੰਨੀ ਅਥਾਰਟੀ ਤੋਂ ਬਿਨਾਂ ਇਕ ਸਮਾਨਅੰਤਰ ਅਦਾਲਤ ਦੱਸਦਿਆਂ ਵਿਰੋਧਤਾ ਕੀਤੀ।

ਲੋਕ ਕਮਿਸ਼ਨ ਦੇ ਕੰਮ-ਕਾਰ ਵਿਚ ਵਿਘਨ ਪਾਉਣ ਦੀ ਕੋਸ਼ਿਸ਼ ਵਿਚ ਪੰਜਾਬ ਸਰਕਾਰ ਨੇ ਹਾਈ ਕੋਰਟ ਵਿਚ ਇਕ ਅਪੀਲ ਦਾਇਰ ਕੀਤੀ। ਨਵੰਬਰ 18, 1998 ਨੂੰ ਪੰਜਾਬ ਸਰਕਾਰ ਦੇ ਵਕੀਲ ਨੇ ਅਦਾਲਤ ਅਗੇ ਬੇਨਤੀ ਕੀਤੀ ਕਿ ਸਰਕਾਰ ਨੇ ਇਸ ਵਕਤ ਉਪਬੰਧਤ ਇਕ ਸਾਲ ਪੁਰਾਣੇ ਕੇਸਾਂ ਦੀ ਬਜਾਏ ਦਸ ਸਾਲ ਪੁਰਾਣੇ ਕੇਸਾਂ ਨੂੰ ਵਿਚਾਰਨ ਲਈ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਅਧਿਕਾਰ-ਖੇਤਰ ਵਿਚ ਸੋਧਨਾ ਕਰਨ ਲਈ ਕੇਂਦਰ ਸਰਕਾਰ ਨੂੰ ਤਜਵੀਜ਼ ਕਰਨ ਦਾ ਪਹਿਲਾਂ ਹੀ ਅੰਤਮ ਫੈਸਲਾ ਕੀਤਾ ਹੋਇਆ ਹੈ।

ਇਸ ਦੇ ਜਵਾਬ ਵਿਚ ਲੋਕ ਕਮਿਸ਼ਨ, ਅਦਾਲਤ ਦੁਆਰਾ ਫੈਸਲਾ ਸੁਣਾਉਣ ਤੱਕ ਅੰਮ੍ਰਿਤਸਰ ਵਿਖੇ ਆਪਣੇ ਪੈਨਲ ਦੀ ਬੈਠਕ ਮੁਲਤਵੀ ਕਰਨ

ਲਈ ਸਹਿਮਤ ਹੋਇਆ। ਬੈਂਚ ਨੇ ਕੇਸ ਦੀ ਸੁਣਵਾਈ 17 ਦਸਬੰਰ, 1998 ਨੂੰ ਨਿਸ਼ਚਿਤ ਕੀਤੀ।

ਮੂਵਮੈਂਟ ਅਗੇਂਸਟ ਸਟੇਟ ਰਿਪਰੈੱਸ਼ਨ (ਐਮ ਏ ਐਸ ਆਰ) ਅਤੇ ਕੁਝ ਹੋਰ ਮਨੁੱਖੀ ਅਧਿਕਾਰ ਗੁੱਟਾਂ ਨੇ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀ ਜਾਂਚ ਕਰਨ ਲਈ ਕਿਸੇ *ਕੱਟ-ਆਫ਼* ਮਿਤੀ ਨੂੰ ਸਵੀਕਾਰ ਨਹੀਂ ਕੀਤਾ। ਯੂਰਪ ਅਤੇ ਇਜ਼ਰਾਈਲ ਵਿਚ ਸਰਕਾਰਾਂ ਉਨ੍ਹਾਂ ਵਿਅਕਤੀਆਂ ਜਿਨ੍ਹਾਂ ਨੇ ਵਿਸ਼ਵ ਯੁੱਧ-II ਦੌਰਾਨ ਜੁਰਮ ਢਾਏ, ਤੇ ਮੁਕੱਦਮੇ ਚਲਾਉਣੇ ਜਾਰੀ ਰਖੇ ਹੋਏ ਹਨ; ਫਿਰ ਭਾਰਤ ਉਨੇ ਹੀ ਗੰਭੀਰ ਅਪਰਾਧਾਂ ਨੂੰ ਕਿਉਂ ਨਜ਼ਰ-ਅੰਦਾਜ਼ ਕਰੇ, ਸਿਰਫ਼ ਇਸ ਕਰਕੇ ਕਿ ਇਹ ਅਪਰਾਧ 1988 ਤੋਂ ਪਹਿਲਾਂ ਕੀਤੇ ਗਏ ਸਨ? ਵਿਅਕਤੀਆਂ ਨੂੰ ਲਾਪਤਾ ਕਰਨ ਦੀਆਂ ਵਾਰਦਾਤਾਂ ਤਾਂ ਨਿਰੰਤਰ ਅਪਰਾਧ ਬਣਦੀਆਂ ਹਨ ਅਤੇ ਇਨ੍ਹਾਂ ਦੀ ਜਾਂਚ ਲਈ ਕੋਈ *ਕੱਟ-ਆਫ਼* ਮਿਤੀ ਨਹੀਂ ਹੋ ਸਕਦੀ।

ਕਮਿਸ਼ਨ ਨੂੰ ਆਪਣਾ ਕੰਮ ਮੁਕੰਮਲ ਕਰਨ ੱਵਚ ਭਾਵੇਂ ਕਈ ਸਾਲ ਲੱਗ ਜਾਣ, ਪ੍ਰੰਤੂ ਏਨੇ ਵਿਚ, ਇਹ ਘੱਟ ਤੋਂ ਘੱਟ ਇਹ ਮਹੱਤਵਪੂਰਨ ਕਾਰਜ ਸਿਰੇ ਚਾੜ੍ਹ ਰਿਹਾ ਹੈ, ਅਰਥਾਤ ਮਨੁੱਖੀ ਅਧਿਕਾਰਾਂ ਲਈ ਲੋਕ ਰਾਏ ਪੈਦਾ ਕਰਨਾ। ਲੋਕ ਮਤ ਨੂੰ ਲਾਮਬੰਦ ਕਰਨ ਨਾਲ ਭਵਿੱਖ ਵਿਚ ਵਾਪਰਨ ਵਾਲੀਆਂ ਬੁਰਾਈਆਂ ਨੂੰ ਸ਼ਕਤੀਸ਼ਾਲੀ ਠਲ੍ਹ ਪਾਈ ਜਾਵੇਗੀ। ਅੰਤਰ-ਰਾਸ਼ਟਰੀ ਘਟਨਾਵਾਂ ਵੀ ਕਮਿਸ਼ਨ ਦੀ ਇਸ ਦਾ ਕਾਰਜ ਨਿਭਾਉਣ ਵਿਚ ਹੌਂਸਲਾ ਅਫ਼ਜ਼ਾਈ ਕਰਦੀਆਂ ਹਨ। ਜੁਲਾਈ 17, 1998 ਨੂੰ 150 ਤੋਂ ਵੱਧ ਦੇਸ਼ਾਂ ਦੇ ਪ੍ਰਤਿਨਿਧ ਰੋਮ ਵਿਖੇ ਇਕਠੇ ਹੋਏ ਅਤੇ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਸਬੰਧੀ ਕੇਸਾਂ ਦੀ ਸੁਣਵਾਈ ਲਈ ਇਕ ਅੰਤਰ-ਰਾਸ਼ਟਰੀ ਅਦਾਲਤ ਸਥਾਪਤ ਕਰਨ ਦਾ ਸੰਕਲਪ ਕੀਤਾ।

ਕਮਿਸ਼ਨ ਨੇ ਇਸ ਗੱਲ ਦਾ ਨਿਸ਼ਚਾ ਦੁਆਇਆ ਹੈ ਕਿ ਇਹ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੇ ਸਾਰੇ ਕੇਸਾਂ ਦੀ ਜਾਂਚ ਕਰੇਗਾ ਚਾਹੇ ਉਹ ਸਰਕਾਰੀ ਏਜੰਸੀਆਂ ਦੁਆਰਾ ਜਾਂ ਖਾੜਕੂਆਂ ਦੁਆਰਾ ਕੀਤੀਆਂ ਗਈਆਂ ਹੋਣ। ਉਨ੍ਹਾਂ ਲੋਕਾਂ ਨੂੰ ਨਿਆਂ ਦਿਵਾਉਣਾ ਬੇਹੱਦ ਜ਼ਰੂਰੀ ਹੈ ਜਿਨ੍ਹਾਂ ਦਾ ਅਤਵਾਦ ਨਾਲ ਕੋਈ ਵਾਸਤਾ ਵੀ ਨਹੀਂ ਸੀ ਅਤੇ ਫਿਰ ਵੀ ਉਨ੍ਹਾਂ ਦਾ ਅਸੰਗਤ ਕਾਰਣਾਂ ਕਰਕੇ ਅਪਹਰਨ ਕੀਤਾ ਗਿਆ, ਉਨ੍ਹਾਂ ਤੇ ਤਸ਼ੱਦਦ ਕੀਤਾ ਗਿਆ ਅਤੇ ਉਨ੍ਹਾਂ ਨੂੰ ਹਿਰਾਸਤ ਵਿਚ ਰੱਖ ਕੇ ਜਾਂ ਝੂਠੇ ਮੁਕਾਬਲਿਆਂ ਵਿਚ ਮਾਰਿਆ ਗਿਆ।

1984-1996 ਦੌਰਾਨ ਪੰਜਾਬ ਵਿਚ ਤਸ਼ੱਦਦ

**ਗਣਨਾ ਫੌਰਮੈਟ**

ਨਾਮ------------------- ਪਿਤਾ/ਪਤੀ ਦਾ ਨਾਂ ----------------------
ਉਮਰ------------ ਪੇਸ਼ਾ --------------------------------------
ਪਿੰਡ --------------------- ਬਲਾਕ--------------- ਥਾਣਾ---------
ਕਸਬਾ/ਸ਼ਹਿਰ ------------------- ਤਹਿਸੀਲ ----------------------
ਜ਼ਿਲ੍ਹਾ -----------------------

| ਧਾਰਮਕ ਪੰਥ | ਸਿੱਖ | ਸਿੱਖ ਦਲਿਤ | ਹਿੰਦੂ | ਹਿੰਦੂ ਦਲਿਤ | ਇਸਾਈ | ਮੁਸਲਿਮ | ਹੋਰ |
|---|---|---|---|---|---|---|---|
| | | | | | | | |

| ਸਿਆਸੀ ਸੰਬੱਧਤਾ | ਅਕਾਲੀ | ਕਾਂਗਰਸ | ਕਮਿਊ-ਨਿਸਟ | ਬੀਜੇਪੀ | ਬੀਐਸਪੀ | ਹੋਰ | ਕੋਈ ਨਹੀਂ |
|---|---|---|---|---|---|---|---|
| | | | | | | | |

------------------------- ਵਿਖੇ ਵਾਪਰਨ ਦੀ ਤਰੀਕ ---------------

1. ਮਾਰੇ ਗਏ

☐ ਮੁਕਾਬਲੇ ਵਿਚ
☐ ਹਿਰਾਸਤ ਵਿਚ
☐ ਦੋ-ਰੁਖੀ ਗੋਲੀਬਾਰੀ ਵਿਚ
☐ ਗ਼ਲਤ ਪਛਾਣ

2. **ਲਾਪਤਾ ਹੋ ਗਏ ਦੁਆਰਾ ਗਿਰਫਤਾਰ** ਕੀਤਾ ਗਿਆ
☐ ਹਿਰਾਸਤ ਤੋਂ ਭਜ ਗਿਆ
☐ ਲਾਪਤਾ

ਜੋ ਵਿਅਕਤੀ ਜ਼ਿੰਮੇਵਾਰ ਹੈ ਨਾਮ ਅਤੇ ਰੈਂਕ

☐ ਪੰਜਾਬ ਪੁਲਿਸ
☐ ਪੁਲਿਸ ਕੈਟਸ
☐ ਸੀਆਰਪੀਐਫ਼
☐ ਬੀਐਸਐਫ਼
☐ ਆਈ ਟੀ ਬੀ ਪੀ
☐ ਹੋਰ ਕੇਂਦਰੀ ਬਲ
☐ ਆਰਮੀ
☐ ਖਾੜਕੂ
☐ ਹੋਰ

ਜੋ ਗਿਰਫਤਾਰੀ ਦਾ ਗਵਾਹ ਹੈ

1. ਨਾਂ ------------
ਪਿਤਾ ਦਾ ਨਾਂ -----
ਪਿੰਡ ------------
ਜ਼ਿਲ੍ਹਾ -----------

2. ਨਾਂ ------------
ਪਿਤਾ ਦਾ ਨਾਂ -----
ਪਿੰਡ ------------
ਜ਼ਿਲ੍ਹਾ -----------

3. ਜੇਕਰ ਕੋਈ ਹੋਰ ਹੋਣ :

3. ---------------------------- ਦੁਆਰਾ -------- ਥਾਣੇ ---------
INTC ----------- DC --------- ਜੇਲ੍ਹ ----------ਹੋਰ ਥਾਂ ਵਿਖੇ
ਨਜ਼ਬੰਦ ਰਖਿਆ ਗਿਆ

(ਵਿਭਿੰਨ ਘਟਨਾਵਾਂ ਦੀ ਸੂਰਤ ਵਿਚ ਤਰੀਕਾਂ ਦਿਉ। L,I,B ਦਰਸਾਓ।)

| ਤੋਂ | ਤਕ | L | I | B |
|---|---|---|---|---|
| | | | | |
| | | | | |
| | | | | |
| | | | | |
| | | | | |

☐ ਸਧਾਰਨ ਗਿਰਫਤਾਰੀ
☐ ਬੰਧਕ ਰਖਿਆ ਗਿਆ
☐ ਪੁੱਛਗਿੱਛ ਕੀਤੀ ਗਈ
☐ ਤਸ਼ੱਦਦ ਕੀਤਾ ਗਿਆ
☐ ਬਲਾਤਕਾਰ/ ਛੇੜਛਾੜ ਕੀਤਾ

ਤਸ਼ੱਦਦ ਕਰਕੇ ਹੋਇਆ ਅਪਾਹਜਪੁਣਾ------------------------------

4. ਸੰਪਤੀ (ਵੇਰਵੇ ਦਿਉ)
   ਨੁਕਸਾਨ ---------
   ਜ਼ਬਤ ਕੀਤੀ ਗਈ ---------
   ਨਸ਼ਟ ਕੀਤੀ ਗਈ ---------

5. ਸ਼ਰੇਆਮ ਬੇਇੱਜ਼ਤੀ (ਵੇਰਵੇ ਦਿਉ)
   ਕੁੱਟਿਆ ਗਿਆ -------
   ਛੇੜਛਾੜ ਕੀਤੀ ਗਈ -------
   ਤਸ਼ੱਦਦ ਕੀਤਾ ਗਿਆ -------
   ਹੋਰ ਢੰਗ -------

6. ਧਰਮ ਵਿਰੁੱਧ ਹੋਰ ਜੁਰਮ (ਵੇਰਵੇ ਦਿਉ)
   ਧਾਰਮਕ ਸਥਾਨ ਨੂੰ ਨੁਕਸਾਨ ------
   ਧਾਰਮਕ ਪੁਸਤਕ ਨੂਮ ਨੁਕਸਾਨ ------
   ਕੇਸ ਮੁੰਨ ਦਿੱਤੇ ਗਏ ------

ਹੋਰ ਪ੍ਰੇਖਣ, ਜੇਕਰ ਕੋਈ ਹੋਣ :

---

L=Legal (ਕਾਨੂੰਨੀ), I=Illegal(ਗ਼ੈਰ-ਕਾਨੂੰਨੀ), B=After Bail(ਬੇਲ ਹੋ ਜਾਣ ਤੋਂ ਬਾਅਦ), INTC=Interrogation Centre (ਪੁੱਛ-ਗਿੱਛ ਕੇਂਦਰ), DC=Detention Centre (ਨਜ਼ਰਬੰਦੀ ਕੇਂਦਰ)
ਨੋਟ: (ਜੇਕਰ ਲਾਗੂ ਹੁੰਦਾ ਹੋਵੇ, ਤਾਂ ☐ ਤੇ ਠੀਕ ਦਾ ਨਿਸ਼ਾਨ ਲਗਾਉ।)

ਭਾਵੇਂ ਸਿੱਖ ਜ਼ਾਤ-ਪਾਤ ਵਿਚ ਯਕੀਨ ਨਹੀਂ ਰਖਦੇ, ਸਿੱਖ ਦਲਿਤਾਂ ਦੀ ਸ਼੍ਰੇਣੀ ਇਸ ਲਈ ਪਾਈ ਗਈ ਹੈ, ਤਾ ਕਿ ਇਸ ਦੋਸ਼ ਦੀ ਪੜਤਾਲ ਹੋ ਸਕੇ ਕਿ ਬਹੁਤ ਜ਼ਿਆਦਾ ਗਿਣਤੀ ਵਿਚ ਦਲਿਤਾਂ ਨੂੰ ਮਾਰ ਦਿੱਤਾ ਗਿਆ ਸੀ ਤਾ ਕਿ ਉਨ੍ਹਾਂ ਨੂੰ ਖਾੜਕੂ ਅੰਦੋਲਨ ਵਿਚ ਹਿੱਸਾ ਲੈਣ ਅਤੇ ਸਿੱਖ ਧਰਮ ਅਖ਼ਤਿਆਰ ਕਰਨ ਤੋਂ ਵਰਜਿਆ ਜਾ ਸਕੇ।